


# ਸ੍ਰੀ ਗੁਰੂ ਰਵਿਦਾਸ ਕੁੰਡ ਜੂਨਾਗੜ੍ਹ (ਗੁਜਰਾਤ) ਦੀ ਮਹਾਨਤਾ


For Whats Apps Contact : 78141-42944

ਪ੍ਰਕਾਸ਼ਕ : ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.)

ਮੋਬਾਇਲ - 98148-39944 (ਰਜਿ. ਨੰ. 179-2006-07)

ਮੁੱਖ ਦਫ਼ਤਰ - ਪਿੰਡ ਬਿਨਪਾਲਕੇ, ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ

ਟ੍ਰੈਕਟ ਨੰ. 30/ ਪਹਿਲੀ ਵਾਰ 6000/ ਫਰਵਰੀ 2017 / ਕੀਮਤ : ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ






ਇਨਕਲਾਬੀ ਰਹਿਨੁਮਾ
ਸਤਿਗੁਰੂ ਰਵਿਦਾਸ
ਮਹਾਰਾਜ ਜੀ ਦੇ
640ਵੇਂ ਪ੍ਰਕਾਸ਼ ਦਿਹਾੜੇ
ਦੀ ਲੱਖ-ਲੱਖ ਵਧਾਈ



ਪਰਮਜੀਤ ਵਿਰਦੀ



ਸੂਬੇਦਾਰ ਹੰਸ ਰਾਜ (ਭੋਗਪੁਰ)



ਪੱਪੀ ਧੁਦਿਆਲਵਾਲਾ



ਡਾ. ਸ਼ਾਮ ਲਾਲ ਡੀਂਗਰੀਆਂ

**ਸਮਾਜਵਾਦ ਦੇ ਮੋਢੀ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 640ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ**



ਭਾਈ ਦਿਲਬਾਗ ਸਿੰਘ ਮਿਸ਼ਨਰੀ ਰਾਗੀ ਜੱਥਾ, ਪਿੰਡ ਤੇ ਡਾਕਖਾਨਾ ਬਿਨਪਾਲਕੇ,
ਨੇੜੇ ਭੋਗਪੁਰ, ਜ਼ਿਲ੍ਹਾ ਜਲੰਧਰ, ਮੋ. 97811-12944, 94635-27110

# ਮਹਾਨ ਮਾਨਵਵਾਦੀ : ਗੁਰੂ ਰਵਿਦਾਸ ਜੀ

ਡਾ. ਜੀ.ਸੀ. ਕੌਲ ਐਮ.ਏ., ਪੀ.ਐਚ.ਡੀ.
9463223223



ਮਧਕਾਲੀਨ ਯੁੱਗ ਵਿਚ ਦਲਿਤ ਇਨਕਲਾਬ, ਇਸਤਰੀ ਵਰਗ ਦੇ ਸਮਾਨ ਅਧਿਕਾਰਾਂ ਦੇ ਮੋਢੀ ਅਤੇ ਬਨਾਰਸ ਦੇ ਪ੍ਰਮੁੱਖ ਪੰਡਤਾਂ ਕੋਲੋਂ 'ਡੰਡਾਉਤਿ ਬੰਦਨਾ' ਕਰਵਾਉਣ ਵਾਲੇ ਸੰਤ ਸਤਿਗੁਰੂ ਰਵਿਦਾਸ ਜੀ ਇਕ ਅਜਿਹੇ ਮਾਨਵਵਾਦੀ ਜਨ-ਨਾਇਕ ਸਨ, ਜਿਨ੍ਹਾਂ ਨੇ ਨਾ ਸਿਰਫ਼ ਅਛੂਤਾਂ ਲਈ ਬਲਕਿ ਵਿਦਵਾਨ ਪੰਡਤਾਂ ਅਤੇ ਰਾਜੇ-ਰਾਣੀਆਂ ਲਈ ਵੀ ਇਕ ਮਹਾਨ ਦਾਰਸ਼ਨਿਕ ਵਜੋਂ ਤਤਕਾਲੀਨ ਸਮਾਜ ਵਿਚ ਦਲਦਲ ਹੋ ਚੁੱਕੀ ਭਾਰਤ-ਭੂਮੀ ਦੇ ਸੀਨੇ ਉੱਪਰ ਕੰਵਲ ਦੇ ਫੁੱਲ ਵਾਂਗ ਖਿੜ ਕੇ ਜਾਤਾਂ-ਪਾਤਾਂ, ਛੂਤ-ਅਛੂਤ, ਊਚ-ਨੀਚ, ਆਪਸੀ ਵੈਰ-ਵਿਰੋਧ, ਮਜ਼ਹਬੀ ਨਫ਼ਰਤਾਂ, ਦੁਰਾਚਾਰੀ ਸਾਸ਼ਕਾਂ ਅਤੇ ਧਰਮ ਦੇ ਅਖੌਤੀ ਠੇਕੇਦਾਰਾਂ ਦੁਆਰਾ ਫੈਲਾਏ ਭਰਮ-ਜਾਲ, ਅੰਧ-ਵਿਸ਼ਵਾਸ ਤੇ ਕਰਮ-ਕਾਂਡ ਦੁਆਰਾ ਪ੍ਰਦੂਸ਼ਿਤ ਹੋ ਚੁੱਕੇ ਚੁਗਿਰਦੇ ਨੂੰ ਆਪਣੇ ਫਲਸਫ਼ੇ ਦੇ ਨੂਰ ਅਤੇ ਕੀਰਤੀ ਦੀਆਂ ਸੁਗੰਧੀਆਂ ਰਾਹੀਂ ਲਿਸ਼ਕਾਇਆ, ਚਮਕਾਇਆ ਅਤੇ ਮਹਿਕਾਇਆ।

ਗੁਰੂ ਰਵਿਦਾਸ ਜੀ ਦਾ ਤੇਜੱਸਵੀ ਵਿਅਕਤਿਤਵ ਸਦੀਆਂ ਤੋਂ ਪੀੜਤ, ਸਾਹ-ਸਤ ਹੀਣ ਹੋ ਚੁੱਕੇ ਜਨ-ਸਾਧਾਰਨ ਲਈ ਆਸ਼ਾ ਦਾ ਇਕ ਨਵਾਂ ਸੰਦੇਸ਼ ਲੈ ਕੇ ਆਇਆ, ਇਕ ਅਜਿਹਾ ਸੁਨੇਹਾ ਜਿਸ ਨੇ ਭਵਿੱਖ ਵਿਚ ਰੂੜ੍ਹੀਵਾਦੀ ਸਮਾਜ ਵੱਲੋਂ ਵਲੀਆਂ ਹੋਈਆਂ ਜੰਜ਼ੀਰਾਂ ਨੂੰ ਤੋੜ ਕੇ ਇਕ ਨਵੇਂ ਸਮਤਾ, ਸੁਤੰਤਰਤਾ ਅਤੇ ਭਾਈਚਾਰਕ ਜੀਵਨ ਵਾਲੇ ਸਮਾਜ ਦੀ ਸਿਰਜਣਾ ਕਰਨਾ ਸੀ। ਭਗਵਾਨ ਬੁੱਧ ਤੋਂ ਸਦੀਆਂ ਬਾਅਦ ਭਾਰਤ ਦੇ ਪੀੜਤ, ਦੱਬੇ-ਕੁਚਲੇ ਪਦ-ਦਲਿਤ ਤੇ ਪਛਾੜੇ ਹੋਏ ਲੋਕਾਂ ਨੂੰ ਗੁਰੂ ਰਵਿਦਾਸ ਜੀ ਦੇ ਰੂਪ ਵਿਚ ਆਪਣਾ ਰਹਿਨੁਮਾ ਮਿਲਿਆ ਜੋ ਉਨ੍ਹਾਂ ਦੇ ਦੁੱਖਾਂ, ਦਰਦਾਂ ਅਤੇ ਪੀੜਾਂ ਦੇ ਯਥਾਰਥ ਨੂੰ ਨਾ ਕੇਵਲ ਸਮਝਦਾ ਹੀ ਸੀ, ਬਲਕਿ ਉਸ ਨੇ ਖੁਦ ਆਪਣੇ ਪਿੰਡੇ 'ਤੇ ਇਨ੍ਹਾਂ ਦਰਦਾਂ ਨੂੰ ਸਹਿਣ ਵੀ ਕੀਤਾ ਸੀ।

ਅਛੂਤ ਵਰਗ ਵਿਚ ਪੈਦਾ ਹੋ ਕੇ ਉੱਚ ਵਰਗ ਲਈ ਵੀ ਪ੍ਰਕਾਸ਼-ਸਤੰਭ ਬਣਨ ਵਾਲੇ ਇਸ ਮਹਾਨ ਕ੍ਰਾਂਤੀਕਾਰੀ ਰਹਿਬਰ ਨੇ ਆਪਣੀ ਬਾਣੀ ਦੁਆਰਾ ਇਸ ਧਰਤੀ ਉੱਤੇ ਸਮਾਜਵਾਦੀ ਲੋਕਤੰਤਰ ਦਾ ਸੰਕਲਪ ਪੇਸ਼ ਕੀਤਾ ਅਤੇ ਗਰੀਬਾਂ, ਕਾਮੇ-ਕਿਰਤੀਆਂ ਤੇ ਕਿਸਾਨਾਂ ਦੀ ਲੁੱਟੀ ਜਾ ਰਹੀ ਕਿਰਤ ਵਿਰੁੱਧ ਜਨ-ਚੇਤਨਾ ਪੈਦਾ ਕੀਤੀ। ਆਪ ਨੇ ਆਪਣੇ ਅਨੁਭਵ, ਆਤਮਿਕ ਗਿਆਨ ਅਤੇ ਕਲਿਆਣਕਾਰੀ ਜੀਵਨ ਦੁਆਰਾ ਅੰਧ-ਵਿਸ਼ਵਾਸਾਂ, ਵਹਿਮਾਂ-ਭਰਮਾਂ, ਜੰਤਰਾਂ-ਮੰਤਰਾਂ, ਤੀਰਥ, ਵਰਤ, ਜੋਗ ਵਿਧੀਆਂ, ਮੂਰਤੀ ਪੂਜਾ, ਜੰਜੂ, ਦੀਪ, ਅਰਚਨਾ ਅਤੇ ਊਚ-ਨੀਚ ਤੇ ਜਾਤਾਂ-ਪਾਤਾਂ ਦੇ ਚਿੱਕੜ ਵਿਚ ਗ੍ਰੱਸੀ ਹੋਈ ਭਾਰਤੀ ਜਨਤਾ ਨੂੰ ਜੀਵਨ ਜਿਊਣ ਦੀ ਇਨਕਲਾਬੀ ਸੇਧ ਪ੍ਰਦਾਨ ਕੀਤੀ। ਪਾਖੰਡੀ ਪ੍ਰੋਹਿਤਾਂ ਤੇ ਕੱਟੜ ਰੂੜ੍ਹੀਵਾਦੀਆਂ ਨੂੰ ਸੱਚ ਦੇ ਮਾਰਗ 'ਤੇ ਤੋਰਨ ਦਾ ਆਪ ਦਾ ਢੰਗ ਬੜਾ ਹੀ ਤਰਕਸ਼ੀਲ ਤੇ ਨਿਰਾਲਾ ਸੀ। ਆਪ ਨੇ ਪ੍ਰੋਹਿਤਵਾਦੀ ਪਾਖੰਡਤਾ ਨੂੰ ਵੰਗਾਰਨ ਅਤੇ ਅਛੂਤਾਂ ਦੇ ਸਮਾਨ ਅਧਿਕਾਰਾਂ ਨੂੰ ਜਤਲਾਉਣ ਲਈ ਬਚਪਨ ਵਿਚ ਹੀ ਉਹ ਕੰਮ ਕਰਨੇ ਸ਼ੁਰੂ ਕਰ ਦਿੱਤੇ ਜੋ ਸ਼ਰੁਤੀਆਂ,

ਸਿਮ੍ਰਤੀਆਂ ਅਤੇ ਅਖੌਤੀ ਧਾਰਮਿਕ ਗ੍ਰੰਥਾਂ ਅਨੁਸਾਰ ਕੇਵਲ ਅਖੌਤੀ ਉੱਚ-ਜਾਤੀਏ ਹੀ ਕਰ ਸਕਦੇ ਸਨ। ਆਪ ਨੇ ਬੁਲੰਦ ਆਵਾਜ਼ ਵਿਚ ਕਿਹਾ -

ਆਪਨ ਬਾਪੈ ਨਾਹੀ ਕਿਸੀ ਕੋ ਭਾਵਨ ਕੋ ਹਰਿ ਰਾਜਾ।

(ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 658)

ਅਰਥਾਤ ਪਰਮਾਤਮਾ ਕਿਸੇ ਦੇ ਪਿਉ ਦੀ ਜਾਗੀਰ ਨਹੀਂ ਹੈ, ਉਸ ਵਿਚ ਪ੍ਰੇਮ ਭਾਵਨਾ ਰੱਖਣ ਵਾਲਾ ਕੋਈ ਵੀ ਜੀਵ ਉਸ ਦੀ ਪੂਜਾ ਭਗਤੀ ਕਰ ਸਕਦਾ ਹੈ। ਆਪ ਨੇ ਡੰਕੇ ਦੀ ਚੋਟ ਨਾਲ ਕਿਹਾ ਕਿ ਕਰਮਕਾਂਡ ਵਿਚ ਫਸੇ, ਹਉਮੇ-ਗ੍ਰਸਤ ਪਾਖੰਡੀ ਪ੍ਰੋਹਿਤ ਪਾਗ਼ਲਾਂ ਅਰਥਾਤ ਬਉਰਿਆਂ ਵਾਂਗ ਭਟਕਦੇ ਹੋਏ ਵੱਡੇ ਕਵੀ, ਕੁਲੀਨ, ਪੰਡਤ ਅਥਵਾ ਵਿਦਵਾਨ, ਜੋਗੀ, ਸੰਨਿਆਸੀ, ਰਿਸ਼ੀ, ਮੁਨੀ, ਬਹਾਦਰ, ਸੂਰਮੇ ਅਤੇ ਦਾਨੀ, ਦਾਤੇ ਬਣੀ ਬੈਠੇ ਹਨ -

ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸਨਿਆਸੀ॥
ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥
ਕਹੁ ਰਵਿਦਾਸ ਸਭੈ ਨਹੀ ਸਮਝਸਿ ਭੂਲਿ ਪਰੇ ਜੈਸੇ ਬਉਰੇ॥

(ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 973)

ਇਨਕਲਾਬੀ ਰਹਿਬਰ ਵੱਲੋਂ ਪੰਡਤਾਂ, ਪ੍ਰੋਹਿਤਾਂ ਵਾਲੇ ਕਾਰਜ ਕਰਨੇ, ਪਹਿਰਾਵਾ ਧਾਰਨ ਕਰਨਾ ਵਾਸਤਵ ਵਿਚ ਧਰਮ ਨੂੰ 'ਜੱਦੀ ਕਿੱਤਾ' ਬਣਾਉਣ ਵਾਲੇ ਲੋਕਾਂ ਉੱਪਰ ਕਰਾਰੀ ਚੋਟ ਸੀ, ਇਕ ਵਾਰ ਸੀ, ਵੰਗਾਰ ਸੀ ਅਤੇ ਭਾਰਤ ਦੇ ਅਰਸ਼ਾਂ ਵਿਚ ਅਖੌਤੀ ਧਰਮ ਦੇ ਝੂਲ ਰਹੇ ਝੰਡੇ ਨੂੰ ਲੀਰੋ-ਲੀਰ ਕਰਨ ਲਈ ਬਗਾਵਤ ਨਾਲ ਪੁੱਟਿਆ ਅਹਿਮ ਕਦਮ ਸੀ। ਧਰਮ ਵਿਚ ਪ੍ਰਚੱਲਿਤ ਆਰਤੀ ਨੂੰ ਆਪ ਨੇ 'ਝੂਠੇ ਸਗਲ ਪਾਸਾਰੇ' ਕਹਿ ਕੇ ਕੇਵਲ ਇਕ 'ਦਿਖਾਵਾ' ਘੋਸ਼ਿਤ ਕੀਤਾ। ਮੂਰਤੀ ਪੂਜਕਾਂ ਵੱਲੋਂ ਅਖੌਤੀ ਦੇਵ-ਪੂਜਾ ਸਮੇਂ ਸੁੱਚੇ ਜਲ, ਫਲ ਅਤੇ ਦੁੱਧ ਆਦਿ ਨਾਲ ਨਦੀਆਂ, ਨਾਲਿਆਂ ਅਤੇ ਪਹਾੜਾਂ ਵਿਚੋਂ ਇਕੱਠੇ ਕਰਕੇ ਤਰਾਸ਼ੇ ਪੱਥਰਾਂ ਨੂੰ ਇਸ਼ਨਾਨ ਕਰਾਉਣ ਅਤੇ ਠਾਕੁਰਾਂ ਨੂੰ ਭੋਗ ਲੁਆਉਣ ਦੇ ਤਰੀਕੇ ਨੂੰ ਆਪ ਨੇ ਰੂੜ੍ਹੀਵਾਦੀ ਅਡੰਬਰ ਤੇ ਕਰਮ-ਕਾਂਡੀ ਪਾਖੰਡ ਦੱਸਿਆ। ਆਪ ਨੇ ਇਹ ਗੱਲ ਡੱਟ ਕੇ ਆਖੀ ਕਿ ਪੱਥਰ ਦੇ ਨਿਰਜੀਵ ਵੱਟਿਆਂ ਨੂੰ ਭੋਗ ਲੁਆਉਣ ਲਈ ਭੇਟ ਕੀਤੇ ਦੁੱਧ, ਫੁੱਲ ਅਤੇ ਜਲ ਤਾਂ ਪਹਿਲਾਂ ਹੀ ਕ੍ਰਮਵਾਰ ਵੱਛੇ, ਭੰਵਰੇ ਅਤੇ ਮਛਲੀ ਨੇ ਜੂਠੇ ਕੀਤੇ ਹੋਏ ਹਨ ਅਤੇ ਇਸ ਜੂਠੀ ਸਮੱਗਰੀ ਨਾਲ ਇਹ ਪੂਜਾ ਪਵਿੱਤਰ ਕਿਵੇਂ ਹੋਈ? ਆਪ ਦਾ ਫ਼ੁਰਮਾਨ ਹੈ:

ਦੂਧੁ ਤ ਬਛਰੈ ਥਨਹੁ ਬਿਟਾਰਿਓ
ਫੂਲੁ ਭਵਰਿ ਜਲੁ ਮੀਨ ਬਿਗਾਰਿਓ॥

(ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 525)

ਗੁਰੂ ਰਵਿਦਾਸ ਜੀ ਨੇ ਸਮਾਜਿਕ, ਧਾਰਮਿਕ, ਰਾਜਨੀਤਕ ਅਤੇ ਆਰਥਿਕ ਪਰਾਧੀਨਤਾ ਵਿਰੁੱਧ ਝੰਡਾ ਬੁਲੰਦ ਕੀਤਾ। ਆਪ ਨੇ ਅਖੌਤੀ ਨਿਮਨ ਵਰਗ ਵਿਚ ਸਵੈ-ਵਿਸ਼ਵਾਸ, ਸਵੈ-ਸ਼ਕਤੀ ਅਤੇ ਸਵੈ-ਮਾਣ ਜਗਾ ਕੇ ਉਨ੍ਹਾਂ ਨੂੰ ਜ਼ਿੰਦਗੀ ਦੇ ਹਰ ਖੇਤਰ ਵਿਚ ਕਥਿਤ ਕੁਲੀਨ ਵਰਗ ਦੇ ਬਰਾਬਰ ਖੜ੍ਹਿਆਂ ਕੀਤਾ। ਆਪ ਨੇ 'ਪਰਾਧੀਨਤਾ ਪਾਪ ਹੈ' ਦਾ ਨਾਅਰਾ ਬੁਲੰਦ ਕਰਦਿਆਂ ਗੁਲਾਮੀ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ ਅਤੇ ਸਮਾਜਿਕ ਅਤੇ ਆਰਥਿਕ ਸਮਾਨਤਾ ਵਾਲਾ ਭਾਈਚਾਰਕ

ਸਮਾਜ ਸਿਰਜਣ ਦਾ ਚਿੰਤਨ ਪ੍ਰਸਤੁਤ ਕੀਤਾ।

ਆਪ ਦੀ ਕਹਿਣੀ ਤੇ ਕਰਨੀ ਵਿਚ ਕੋਈ ਅੰਤਰ ਨਹੀਂ ਸੀ। ਡਾ. ਧਰਮਪਾਲ ਮੈਨੀ ਦਾ ਮੱਤ ਹੈ ਕਿ ਸੰਤ ਰਵਿਦਾਸ ਨੇ ਕਥਨੀ ਤੇ ਕਰਨੀ ਦੀ ਏਕਤਾ ਦੇ ਮਹੱਤਵ ਨੂੰ ਸਦਾ ਹੀ ਹਿੱਕ ਨਾਲ ਲਾ ਕੇ ਰੱਖਿਆ। (ਗੁਰੂ ਰਵਿਦਾਸ ਵਾਣੀ, ਵਿਚਾਰ, ਪੰਨਾ 38)

ਆਰਥਿਕ ਸੰਪਨਤਾ ਲਈ ਨਿਰੰਤਰ ਸੁਕਿਰਤ ਨਾਲ ਜੁੜੇ ਰਹਿਣ, ਅਬਿਦਿਆ (ਆਦਿ ਗ੍ਰੰਥ, ਪੰਨਾ 486) ਤੇ ਅਗਿਆਨਤਾ ਤੋਂ ਮੁਕਤੀ ਲਈ ਬਿਬੇਕ ਰੂਪੀ ਦੀਪ ਦੀ ਮਲੀਨਤਾ ਨੂੰ ਵਿੱਦਿਆ ਦੇ ਨੂਰ ਨਾਲ ਪ੍ਰਜਵਲਿਤ ਕਰਨ, ਨਸ਼ਿਆਂ ਦੇ ਸੇਵਨ ਤੋਂ ਪ੍ਰਹੇਜ (ਪੰਨਾ 1293), ਸਾਦੀ ਰਹਿਣੀ-ਬਹਿਣੀ ਅਤੇ ਦੂਸਰਿਆਂ ਪ੍ਰਤੀ ਹਮਦਰਦੀ ਅਰਥਾਤ ਪਰਾਇਆ ਦਰਦ ਵੰਡਾਉਣ ਦੀ ਭਾਵਨਾ ਮਨੁੱਖੀ ਅਰਥਚਾਰੇ ਨੂੰ ਹੁਲਾਰਾ ਦੇਣ ਦੀ ਸਮਰੱਥਾ ਰੱਖਦੀ ਹੈ। ਜਨ-ਕਲਿਆਣ ਦੀ ਭਾਵਨਾ ਨਾਲ ਓਤਪੋਤ ਵੇਦਨਾ ਭਰਪੂਰ ਦਿਲ ਪਰਾਇਆਂ ਪ੍ਰਤੀ ਵੀ ਅਕਹਿ, ਅਸਹਿ ਤੇ ਅਥਾਹ ਦਰਦ ਰੱਖਦਾ ਹੈ। ਸੰਵੇਦਨਸ਼ੀਲ ਤੇ ਦਰਦਮੰਦ ਹਿਰਦੇ ਵਿਚ ਹੀ ਪਰਾਈ ਪੀੜ ਦਾ ਅਹਿਸਾਸ ਹੋ ਸਕਦਾ ਹੈ। ਗੁਰੂ ਜੀ ਦਾ ਕਥਨ ਹੈ :-

**ਸੋ ਕਤ ਜਾਨੈ ਪੀਰ ਪਰਾਈ**
**ਜਾ ਕੈ ਅੰਤਰਿ ਦਰਦੁ ਨ ਪਾਈ?**

**(ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 793)**

ਗੁਰੂ ਰਵਿਦਾਸ ਜੀ ਦੀ ਬਾਣੀ ਸਮਕਾਲੀਨ ਅਣਉਚਿਤ, ਅਯੋਗ, ਅਜੋੜ, ਅਸਾਵੀਂ, ਅਨਿਆ-ਪੂਰਣ, ਅਤਿਆਚਾਰੀ ਅਤੇ ਅੰਦੇਸ਼ਿਆਂ-ਭਰਪੂਰ ਸਮਾਜਿਕ, ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਵਿਵਸਥਾ ਵਿਰੁੱਧ 'ਬੇਗਮਪੁਰਾ ਸਹਰ' ਦੇ ਸੰਕਲਪ ਦੁਆਰਾ ਅਜਿਹੇ ਸੁਤੰਤਰ ਤੇ ਸਦੀਵੀ ਰਾਜ ਦਾ ਮਾਡਲ ਪ੍ਰਸਤੁਤ ਕਰਦੀ ਹੈ ਜਿਸ ਵਿਚ ਏਕਾਧਿਕਾਰੀ ਸਾਮੰਤ-ਸ਼ਾਹੀ ਹਕੂਮਤ ਦੀ ਥਾਂ ਸਹੀ ਮਾਅਨਿਆਂ ਵਿਚ ਲੋਕਤੰਤਰ ਹੋਵੇ। ਇਕ ਅਜਿਹਾ ਰਾਜ ਅਤੇ ਸਮਾਜ ਜਿਸ ਵਿਚ ਸਮੁੱਚੀ ਮਨੁੱਖਤਾ ਗ਼ਮ-ਰਹਿਤ ਹੋਵੇ, ਜਿੱਥੇ ਕੋਈ ਪ੍ਰਾਣੀ ਚਿੰਤਾ, ਮਾਯੂਸੀ, ਮਜਬੂਰੀ ਅਤੇ ਲਾਚਾਰੀ ਵਿਚ ਨਿਰਾਸ਼ ਆਪਣਾ ਜੀਵਨ ਫੁਟ-ਪਾਥਾਂ ਉੱਪਰ ਬਤੀਤ ਨਾ ਕਰੇ ਅਤੇ ਜਿੱਥੇ ਨਾ ਅਸਮਾਨਤਾ, ਨਾ ਜਾਤ ਪਾਤੀ ਘ੍ਰਿਣਾ, ਨਾ ਊਚ-ਨੀਚ, ਨਾ ਵਰਨ-ਵੰਡ, ਨਾ ਧੋਖਾ, ਨਾ ਠੱਗੀ, ਨਾ ਛਲਕਪਟ, ਨਾ ਬੇਈਮਾਨੀ, ਨਾ ਕੁਰੱਪਸ਼ਨ, ਨਾ ਇਸਤਰੀ ਵਰਗ ਦੀ ਨਿਰਾਦਰੀ, ਨਾ ਕੋਈ ਆਡੰਬਰ, ਨਾ ਕਰਮ-ਕਾਂਡ, ਨਾ ਅੰਧਵਿਸ਼ਵਾਸ, ਨਾ ਵਹਿਮ-ਪ੍ਰਸਤੀ ਅਤੇ ਨਾ ਪਾਖੰਡਵਾਦ ਹੋਵੇ। ਇਸ ਰਾਜ ਦਾ ਹਰ ਵਾਸੀ ਨਿਰਭਉ ਅਤੇ ਨਿਰਵੈਰ ਆਪਣਾ ਜੀਵਨ ਬਤੀਤ ਕਰ ਸਕੇ। ਅਜਿਹੇ ਸਰਬ-ਸੰਪੰਨ, ਸਰਬ-ਧਰਮ ਏਕਤਾ ਅਤੇ ਵਿਸ਼ਵ-ਬੰਧੂਤਵ ਭਰਪੂਰ ਰਾਜ ਦੇ ਸੰਕਲਪ ਦੀ ਸਿਰਜਣਾ ਗੁਰੂ ਰਵਿਦਾਸ ਜੀ ਵਰਗੇ ਮਹਾਨ ਮਾਨਵਵਾਦੀ ਹੀ ਕਰ ਸਕਦੇ ਹਨ। ਇਸ ਸੰਬੰਧੀ ਡਾ. ਜੀਤ ਸਿੰਘ ਸੀਤਲ ਦਾ ਕਥਨ ਵਾਚਣਯੋਗ ਹੈ :-

"ਜਦ ਅਸੀਂ ਭਗਤ (ਗੁਰੂ) ਰਵਿਦਾਸ ਦੇ ਉਪਰਲੇ ਸ਼ਬਦ ਨੂੰ ਵੇਖਦੇ ਹਾਂ ਤਾਂ ਵੱਡੇ-ਵੱਡੇ ਸਮਾਜ ਵਿਗਿਆਨੀ, ਬੁਧੀਜੀਵੀ ਤੇ ਰਾਜਸੀ ਸ਼ਾਸ਼ਤਰੀ ਚਕ੍ਰਿਤ ਰਹਿ ਜਾਂਦੇ ਹਨ। ਮਾਰਕਸ, ਲੈਨਿਨ ਆਦਿ ਵੀ ਸ਼ਾਇਦ ਅਜਿਹੇ ਸਮ ਦੇਸ, ਸਮ ਰਾਜ, ਸਮ ਸ਼ਹਿਰੀ, ਸਮ ਅਧਿਕਾਰੀ ਤੇ ਮਾਨਵ ਵਤਨਗਾਹ ਦਾ ਸੰਕਲਪ ਨਾ ਕਰ ਸਕਦੇ।" (ਪੰਜਾਬੀ ਦੁਨੀਆ, ਗੁਰੂ ਰਵਿਦਾਸ ਵਿਸ਼ੇਸ਼ ਅੰਕ, 1977, ਪੰ. 15)

ਵਾਸਤਵ ਵਿਚ ਗੁਰੂ ਰਵਿਦਾਸ ਜੀ ਨੇ ਰਹੱਸਮਈ ਪਾਰਲੌਕਿਕਤਾ ਨੂੰ ਜਨ-ਕਲਿਆਣ ਹਿਤ ਲੌਕਿਕਤਾ ਵਿਚ ਪਰਿਵਰਤਿਤ ਕਰਨ ਦਾ ਇਤਿਹਾਸਕ ਕਾਰਜ ਕੀਤਾ ਹੈ। ਆਪ ਦਾ ਇਹ ਸ਼ਬਦ ਅਰਥਚਾਰੇ ਦਾ ਇਕ ਵਿਚਾਰਨਯੋਗ ਮਾਡਲ ਹੈ। ਪ੍ਰੰਤੂ ਪਦਾਰਥਵਾਦੀ ਰੁਚੀਆਂ ਤੇ ਆਧੁਨਿਕ ਯੁੱਗ ਦੀਆਂ ਵਿਗਿਆਨਕ ਪ੍ਰਾਪਤੀਆਂ ਦੇ ਪ੍ਰਭਾਵ ਅਧੀਨ ਅਸੀਂ ਆਪਣੇ ਮਹਾਨ ਸੰਤ-ਸਤਿਗੁਰੂਆਂ ਦੀ ਵਿਚਾਰਧਾਰਾ ਤੋਂ ਵਿਵਹਾਰਕ ਰੂਪ ਵਿਚ ਬੜੀ ਤੇਜ਼ੀ ਨਾਲ ਦੂਰ ਹੁੰਦੇ ਜਾ ਰਹੇ ਹਾਂ। ਜੇਕਰ ਆਪਣੀ ਸਵੈ-ਪੜਚੋਲ ਕਰੀਏ, ਆਪਣੇ ਚੁਗਿਰਦੇ 'ਤੇ ਨਜ਼ਰ ਮਾਰੀਏ ਤਾਂ ਅਜੋਕੀਆਂ ਤੇ ਮੱਧਕਾਲੀਨ ਪ੍ਰਸਿਥਤੀਆਂ ਵਿਚ ਵਧੇਰੇ ਪਰਿਵਰਤਨ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਅੱਜ ਦਾ ਅਖੌਤੀ ਆਜ਼ਾਦ ਤੇ ਸੁਤੰਤਰ ਮਨੁੱਖ ਹਾਲੇ ਵੀ ਸਮਾਜਿਕ ਰਹਿਤਾਂ, ਧਾਰਮਿਕ ਵਲਗਣਾਂ, ਬੰਦਸ਼ਾਂ ਤੇ ਰਾਜ ਸ਼ਕਤੀ ਦਾ ਕੈਦੀ, ਗ਼ੁਲਾਮ ਤੇ ਪਰਾਧੀਨ ਹੈ। ਅੱਜ ਫਿਰ ਜਾਤਾਂ, ਰੰਗਾਂ, ਨਸਲਾਂ, ਕੌਮਾਂ ਅਤੇ ਕਿੱਤਿਆਂ ਦੇ ਵਿਤਕਰੇ ਕਿਸੇ ਨਾ ਕਿਸੇ ਬਦਲਵੇਂ ਰੂਪ ਵਿਚ ਮੌਜੂਦ ਹਨ।

ਅੱਜ ਰੂੜੀਵਾਦ ਹਰ ਮਨੁੱਖ, ਜਾਤ, ਕੌਮ, ਮਜ਼ਹਬ ਅਤੇ ਨਸਲ ਵਿਚ ਸਮਾ ਗਿਆ ਹੈ। ਨਸ਼ਾਖੋਰੀ ਸੁਕਿਰਤ ਤੋਂ ਬੇਮੁਖਤਾ ਤੇ ਬੇਰੁਖੀ, ਬਦਇਖ਼ਲਾਕੀ, ਬੇਈਮਾਨੀ, ਬੇਕਾਇਦਗੀ, ਬੇਗ਼ੈਰਤੀ, ਬੇਤਰਸੀ, ਬੇਦਰਦੀ, ਬੇਪਰਤੀਤੀ, ਬੇਵਸਾਹੀ, ਬੇਪਰਵਾਹੀ, ਬੇਵਫ਼ਾਈ, ਬੇਲਿਹਾਜੀ ਅਜੋਕੇ ਮਨੁੱਖ ਦੀ ਵਿਸ਼ੇਸ਼ਤਾ ਬਣ ਗਏ ਹਨ। ਗੁਰੂ ਰਵਿਦਾਸ ਜੀ ਦੇ ਵਿਸ਼ਵ ਭਾਈਚਾਰੇ ਦੇ ਫ਼ਲਸਫ਼ੇ ਨੂੰ ਸੰਕੀਰਣ ਦਾਇਰਿਆਂ ਵਿਚ ਕੈਦ ਕੀਤਾ ਜਾ ਰਿਹਾ ਹੈ। ਲੋਭ, ਲਾਲਚ, ਲਾਲਸਾ ਤੇ ਸਵਾਰਥੀ ਰੁਚੀਆਂ ਅਧੀਨ ਗੁਰੂ ਜੀ ਦੀ ਵਿਵਹਾਰਕ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ, ਜਿਸ ਰੂੜੀਵਾਦੀ ਕਰਮ ਕਾਂਡ, ਆਡੰਬਰ ਤੇ ਪਾਖੰਡ ਦਾ ਆਪ ਨੇ ਖੰਡਣ ਕੀਤਾ; ਮੱਠਧਾਰੀਆਂ ਨੇ ਉਸ ਨੂੰ ਪੂਰੀ ਤਰ੍ਹਾਂ ਅਪਣਾ ਲਿਆ ਹੈ।

ਵਿਗਿਆਨਕ ਪ੍ਰਾਪਤੀਆਂ ਅਧੀਨ ਪਦਾਰਥਵਾਦੀ ਹੋ ਰਿਹਾ ਅਜੋਕਾ ਮਨੁੱਖ ਬੁਰੀ ਤਰ੍ਹਾਂ ਇਖ਼ਲਾਕੀ ਪਤਨ ਦਾ ਸ਼ਿਕਾਰ ਹੋ ਰਿਹੈ। ਨਸ਼ਾਖੋਰੀ, ਚਰਿੱਤਰਹੀਣਤਾ, ਅਸਹਿਣਸ਼ੀਲਤਾ, ਦੂਸਰਿਆਂ ਪ੍ਰਤੀ ਗ਼ੈਰ ਸੰਜੀਦਗੀ, ਅਣਮਨੁੱਖੀ ਵਤੀਰਾ, ਕੁਰੱਪਸ਼ਨ, ਭਾਈ-ਭਤੀਜਾਵਾਦ, ਰਾਤੋ-ਰਾਤ ਅਮੀਰ ਤੇ ਤਾਕਤਵਰ ਹੋਣ ਦੀ ਖ਼ਾਹਿਸ਼ ਨੇ ਗੁਰਬਾਣੀ ਦੇ ਮਹਾਂਵਾਕਾਂ **'ਰਾਜੇ ਸੀਹ ਮੁਕਦਮ ਕੁਤੇ'** ਅਤੇ **'ਮਾਟੀ ਕੋ ਪੁਤਰਾ ਕੈਸੇ ਨਚਤੁ ਹੈ'** ਦੀ ਸਥਿਤੀ ਨੂੰ ਸਾਕਾਰ ਕਰਦਿਆਂ ਸਮਾਜਿਕ ਅਤੇ ਮਾਨਵਿਕੀ ਕਦਰਾਂ-ਕੀਮਤਾਂ ਨੂੰ ਜ਼ਬਰਦਸਤ ਢਾਹ ਲਾਈ ਹੈ। ਸੰਤ-ਸਤਿਗੁਰੂਆਂ ਦੀ ਬਾਣੀ, ਵਿਚਾਰਧਾਰਾ ਨੂੰ ਕੇਵਲ ਪੜ੍ਹਨ, ਪੜ੍ਹਾਉਣ ਤੱਕ ਸੀਮਤ ਅਤੇ ਆਪਣੇ-ਆਪਣੇ ਧਰਮ ਨੂੰ ਸ੍ਰੇਸ਼ਟ ਸਿੱਧ ਕਰਨ ਦੀ ਹੋੜ ਵਿਚ ਜਕੜਿਆ ਅੱਜ ਦਾ ਮਾਨਵ ਆਪਣੇ ਵਿਵਹਾਰ ਅਤੇ ਕਾਰ-ਵਿਹਾਰ ਵਿਚ ਮਹਾਂਪੁਰਸ਼ਾਂ ਦੀ ਸਦੀਵੀ ਨਵੀਂ-ਨਿਵੇਕਲੀ ਵਿਚਾਰਧਾਰਾ ਨੂੰ ਵਿਵਹਾਰਕ ਰੂਪ ਵਿਚ ਅਪਨਾ ਕੇ ਹੀ ਵਿਸ਼ਵ ਸ਼ਾਂਤੀ ਅਤੇ ਸਮਾਨਤਾ ਅਧਾਰਿਤ ਵਿਸ਼ਵ-ਭਾਈਚਾਰਾ ਸਥਾਪਿਤ ਕਰਨ ਦੇ ਸਮਰੱਥ ਹੋ ਸਕਦਾ ਹੈ। ਇਹ ਸਮਰੱਥਾ ਵਰਤਮਾਨ ਯੁੱਗ ਦੀ ਸਦੀਵੀ ਅਤੇ ਪ੍ਰਮੁੱਖ ਲੋੜ ਹੈ। ਇਸ ਸੰਦਰਭ ਵਿਚ ਗੁਰੂ ਰਵਿਦਾਸ ਜੀ ਦੀ ਪ੍ਰਭਾਵਸ਼ਾਲੀ, ਮਾਨਵਵਾਦੀ ਸ਼ਖ਼ਸੀਅਤ ਅਤੇ ਬਾਣੀ ਸਦੀਆਂ ਤੱਕ ਭੁੱਲੇ-ਭਟਕੇ ਜੀਵਾਂ ਦਾ ਰਾਹ ਰੁਸ਼ਨਾਉਂਦੀ ਰਹੇਗੀ।

**ਸ੍ਰੀ ਗੁਰੂ ਰਵਿਦਾਸ ਜੀ**
**ਦਾ ਅਗਲਾ ਪ੍ਰਕਾਸ਼ ਦਿਹਾੜਾ**
**31 ਜਨਵਰੀ 2018 ਬੁੱਧਵਾਰ**

# ਸ੍ਰੀ ਗੁਰੂ ਰਵਿਦਾਸ ਕੁੰਡ ਜੂਨਾਗੜ੍ਹ (ਗੁਜਰਾਤ) ਦੀ ਇਤਿਹਾਸਕ ਅਤੇ ਮਿਥਿਹਾਸਕ ਮਹਾਨਤਾ

ਕਾਂਸ਼ੀ ਰਾਮ 'ਕਲੇਰ' ਮੀਤ ਪ੍ਰਧਾਨ
ਅੰਤਰਰਾਸ਼ਟਰੀ ਜਗਤ ਗੁਰੂ ਰਵਿਦਾਸ ਸਾਹਿਤ ਸੰਸਥਾ
98153-06544

ਗੁਜਰਾਤ ਰਾਜ ਦੇ ਜ਼ਿਲ੍ਹਾ ਜੂਨਾਗੜ੍ਹ ਤਹਿਸੀਲ ਵਿਸ਼ਾਦਪੁਰ ਦੇ ਇਕ ਪਿੰਡ ਸਰਸਈ ਜਿਸ ਨੂੰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਸ ਪਾਵਨ ਧਰਤੀ 'ਤੇ ਜਗਤ ਗੁਰੂ ਰਵਿਦਾਸ ਜੀ ਨੇ ਕਰੀਬ 4-5 ਸਾਲ ਬਤੀਤ ਕੀਤੇ ਅਤੇ ਇਲਾਕੇ ਦੀਆਂ ਸੰਗਤਾਂ ਨੂੰ ਸੱਚ ਦਾ ਉਪਦੇਸ਼ ਬਖਸ਼ਿਸ਼ ਕੀਤਾ। ਇਸ ਪਾਵਨ ਅਸਥਾਨ ਨੂੰ ਸ੍ਰੀ ਗੁਰੂ ਰਵਿਦਾਸ ਆਸ਼ਰਮ ਗੰਗਾ ਕੁੰਡ ਨਾਂਅ ਨਾਲ ਜਾਣਿਆ ਜਾਂਦਾ ਹੈ। ਇਸ ਪਵਿੱਤਰ ਧਰਤੀ 'ਤੇ ਸਤਿਗੁਰੂ ਜੀ ਦੇ ਆਉਣ ਬਾਰੇ ਬਹੁਤ ਸਾਰੇ ਲੇਖਕਾਂ ਨੇ ਆਪਣੀਆਂ ਪੁਸਤਕਾਂ ਵਿਚ ਜ਼ਿਕਰ ਕੀਤਾ ਹੈ ਪਰ ਵਿਸਥਾਰਪੂਰਵਕ ਜਾਣਕਾਰੀ ਕਿਧਰੇ ਵੀ ਨਹੀਂ ਮਿਲਦੀ। ਲੇਖਕ ਨੇ ਇਸ ਸਬੰਧੀ ਕੁਝ ਇਤਿਹਾਸਕ ਤੇ ਮਿਥਿਹਾਸਕ ਸਮੱਗਰੀ ਇਕੱਤਰ ਕੀਤੀ ਹੈ ਜਿਸ ਦਾ ਵਰਨਣ ਕੀਤਾ ਜਾ ਰਿਹਾ ਹੈ। ਮਿਤੀ 2-7-16 ਨੂੰ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਪਿੰਡ ਬੌਂਕਣ ਡੋਗਰਾਂ ਜ਼ਿਲ੍ਹਾ ਲੁਧਿਆਣਾ ਦੇ ਰਾਤ ਦੇ ਜਨ ਜਾਗ੍ਰਿਤੀ ਜਾਗਰਣ ਵਿਚ ਵਿਸ਼ੇਸ਼ ਸੱਦੇ 'ਤੇ ਜਾਣ ਦਾ ਸੁਭਾਗ ਪ੍ਰਾਪਤ ਹੋਇਆ। ਸਬੱਬ ਇਹ ਬਣਿਆ ਕਿ ਜਲੰਧਰ ਤੋਂ ਸ੍ਰੀ ਮੁਨੀਸ਼ ਕੁਮਾਰ ਮਢਾਰ ਜੀ ਬੈਂਕ ਮੈਨੇਜਰ ਪੀ.ਐਨ.ਬੀ. ਜਲੰਧਰ ਦੀ ਗੱਡੀ ਵਿਚ ਸ੍ਰੀ 108 ਸੰਤ ਭਾਣ ਦਾਸ ਜੀ ਮਹਾਰਾਜ ਸਰਸਈ (ਜੂਨਾਗੜ੍ਹ) ਅਤੇ ਉਨ੍ਹਾਂ ਨਾਲ ਆਏ ਸੇਵਕ ਸ੍ਰੀ ਜੈਅੰਤੀ ਭਾਈ ਪਿੰਡ ਬਿਲਖਾ ਜੂਨਾਗੜ੍ਹ ਨਾਲ ਹਮਸਫ਼ਰ ਹੁੰਦੇ ਹੋਏ ਸਮਾਗਮ ਵਿਚ ਪਹੁੰਚੇ ਜਿਥੇ ਬਹੁਤ ਸਾਰੇ ਸੰਤਾਂ ਮਹਾਂਪੁਰਸ਼ਾਂ, ਬੁਧੀਜੀਵੀਆਂ ਦੇ ਪ੍ਰਬਚਨ ਸੁਣਨ ਅਤੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਸਭਾ ਵੱਲੋਂ ਬਹੁਤ ਸੁਚੱਜੇ ਪ੍ਰਬੰਧ ਕੀਤੇ ਗਏ ਸਨ। ਜ਼ਿਲ੍ਹਾ ਪੱਧਰੀ ਸਮਾਗਮ ਹੋਣ ਕਾਰਣ ਮੀਂਹ ਪੈਣ ਦੇ ਬਾਵਜੂਦ ਵੀ ਭਾਰੀ ਗਿਣਤੀ ਵਿਚ ਸੰਗਤਾਂ ਇਲਾਕੇ ਦੇ ਪਿੰਡਾਂ ਵਿਚੋਂ ਸ਼ਿਰਕਤ ਕਰ ਰਹੀਆਂ ਸਨ। ਰਸਤੇ ਵਿਚ ਸਫ਼ਰ ਕਰਦਿਆਂ ਮਹਾਂਪੁਰਸ਼ਾਂ ਸੰਤ ਭਾਣ ਦਾਸ ਜੀ ਮਹਾਰਾਜ ਨਾਲ ਵਿਚਾਰ ਵਟਾਂਦਰੇ ਦਾ ਸਿਲਸਿਲਾ ਸਵਾਲ-ਜਵਾਬਾਂ ਨਾਲ ਸ਼ੁਰੂ ਹੋਇਆ ਜਿਸ ਦੇ ਸਵਾਲ ਜਵਾਬਾਂ ਦੀ ਵੱਖਰੀ ਰਚਨਾ ਤਿਆਰ ਕੀਤੀ ਗਈ ਹੈ। ਮਹਾਂਪੁਰਸ਼ ਗੁਜਰਾਤੀ ਭਾਸ਼ਾ ਵਿਚ ਗੱਲ ਕਰਦੇ ਸਨ ਜਿਸ ਦਾ ਤਰਜਮਾ ਹਿੰਦੀ ਵਿਚ ਜੈਅੰਤੀ ਭਾਈ ਜੋ ਬਿਜਲੀ ਬੋਰਡ ਦੇ ਮੁਲਾਜ਼ਮ ਸਨ ਕਰਕੇ ਦੱਸਦੇ ਸਨ ਉਹ ਹਿੰਦੀ ਜਾਣਦੇ ਸਨ। ਮੇਰਾ ਸਵਾਲ ਵੀ ਮਹਾਂਪੁਰਸ਼ਾਂ ਨੂੰ ਮੇਰੇ ਪਾਸੋਂ ਹਿੰਦੀ ਵਿਚ ਸੁਣ ਕੇ ਗੁਜਰਾਤੀ ਭਾਸ਼ਾ ਵਿਚ ਮਹਾਰਾਜ ਜੀ ਨੂੰ ਸਮਝਾਉਂਦੇ ਸਨ। ਇਸ ਤਰ੍ਹਾਂ ਦਾਸ ਨੇ ਉਨ੍ਹਾਂ ਪਾਸੋਂ ਜਾਣਕਾਰੀ ਹਾਸਿਲ ਕੀਤੀ।

ਸੰਤ ਭਾਣ ਦਾਸ ਜੀ ਨੇ ਦੱਸਿਆ ਕਿ ਸ੍ਰੀ ਗੁਰੂ ਰਵਿਦਾਸ ਆਸ਼ਰਮ ਗੰਗਾ ਕੁੰਡ ਜੋ ਕਿ ਪਿੰਡ ਸਰਸਈ ਤਹਿਸੀਲ ਵਿਸਾਦਪੁਰ ਜ਼ਿਲ੍ਹਾ ਜੂਨਾਗੜ੍ਹ ਵਿਚ ਸਥਿਤ ਹੈ। ਇਹ ਕੁੰਡ ਜੰਗਲ ਤੋਂ ਕਰੀਬ 5 ਕਿਲੋਮੀਟਰ ਨੇੜੇ ਹੈ। ਕਰੀਬ 2500 ਮੀਲ ਦੇ ਏਰੀਏ ਵਿਚ ਘਣਾ ਜੰਗਲ ਹੈ ਜਿਸ ਵਿਚ ਬਹੁਤ ਖ਼ੂੰਖਾਰ ਜਾਨਵਰ ਰਹਿੰਦੇ ਹਨ। ਜੰਗਲੀ ਏਰੀਏ ਦੇ ਇਸ ਪਿੰਡ ਵਿਚ ਸਤਿਗੁਰ ਰਵਿਦਾਸ ਜੀ ਨੇ 4-5 ਸਾਲ

ਬਤੀਤ ਕੀਤੇ ਅਤੇ ਇਹ ਅੰਮ੍ਰਿਤ ਕੁੰਡ ਸਥਾਪਤ ਕੀਤਾ। ਅਨੇਕਾਂ ਵਾਰ ਜੰਗਲ ਦੇ ਸ਼ੇਰ ਵੀ ਇਸ ਕੁੰਡ ਵਿਚੋਂ ਜਲ ਛੱਕ ਕੇ ਜਾਂਦੇ ਹਨ। ਇਸ ਮੁਕੱਦਸ ਸਥਾਨ 'ਤੇ ਇਕ 600 ਸਾਲ ਪੁਰਾਣਾ ਪੇੜ ਹੈ ਜੋ ਸਤਿਗੁਰੂ ਜੀ ਦੇ ਆਪਣੇ ਕਰ ਕਮਲਾਂ ਨਾਲ ਲੱਗਿਆ ਹੋਇਆ ਹੈ। ਗੌਂਡਲਾ ਦੇ ਮਹਾਰਾਜਾ ਭਗਵਤ ਜੀ ਨੇ ਸਤਿਗੁਰੂ ਰਵਿਦਾਸ ਜੀ ਤੋਂ ਪ੍ਰਭਾਵਤ ਹੋ ਕੇ ਇਹ ਕੁੰਡ ਬਣਾਇਆ ਸੀ। ਸਮੇਂ ਦੇ ਬ੍ਰਾਹਮਣਵਾਦੀ ਸੋਚ ਦੇ ਧਾਰਨੀ ਲੋਕਾਂ ਨੇ ਇਸ ਕੁੰਡ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਸੀ ਅਤੇ ਇਸ ਦੇ ਨਜ਼ਦੀਕ ਹੀ ਭੈਰੋਂ ਜਤੀ ਮੰਦਿਰ ਦੀ ਉਸਾਰੀ ਕਰਵਾ ਦਿੱਤੀ ਸੀ। ਇਸ ਇਲਾਕੇ ਵਿਚ ਜਾਤ ਪਾਤ ਦਾ ਅੱਜ ਵੀ ਬਹੁਤ ਬੋਲਬਾਲਾ ਹੈ। ਉਨ੍ਹਾਂ ਦੇ ਡਰ ਅਤੇ ਪ੍ਰਭਾਵ ਕਾਰਣ ਅੱਜ ਵੀ ਬਹੁਤ ਸਾਰੇ ਗੁਰੂ ਰਵਿਦਾਸੀਆ ਸਮਾਜ ਦੇ ਲੋਕ ਉਨ੍ਹਾਂ ਵਾਂਗ ਪਾਠ ਪੂਜਾ ਕਰਦੇ ਅਤੇ ਆਡੰਬਰਵਾਦ ਦੀ ਲਪੇਟ ਵਿਚ ਵੀ ਹਨ। ਮਹੰਤ ਭਾਣ ਦਾਸ ਜੀ ਨੇ ਦੱਸਿਆ ਕਿ ਉਹ ਇਸ ਸਥਾਨ 'ਤੇ ਕਰੀਬ 40 ਸਾਲ ਤੋਂ ਸੇਵਾ ਨਿਭਾਅ ਰਹੇ ਹਨ। ਇਸ ਆਸ਼ਰਮ ਦੀ ਮੁੱਢਲੀ ਉਸਾਰੀ ਮੇਰੇ ਗੁਰੂ ਸ੍ਰੀ 108 ਸੰਤ ਨਾਜਾ ਰਾਮ ਜੀ ਨੇ ਕਰਵਾਈ ਸੀ ਜੋ ਗ੍ਰਹਿਸਥੀ ਸੰਤ ਸਨ ਅਤੇ ਇਸ ਆਸ਼ਰਮ ਦੀ ਉਸਾਰੀ ਕਰਕੇ ਆਪਣੇ ਜੱਦੀ ਪਿੰਡ ਕੇਸਵਾਲਾ ਤਹਿਸੀਲ ਗੰਢਲ ਜ਼ਿਲ੍ਹਾ ਰਾਏਕੋਟ ਗੁਜਰਾਤ ਚਲੇ ਗਏ ਸਨ। ਉਥੇ ਹੀ ਸੰਸਾਰਕ ਯਾਤਰਾ ਕਰਦੇ ਹੋਏ ਪੰਜ ਭੂਤਕ ਸਰੀਰ ਨੂੰ ਤਿਆਗ ਗਏ ਸਨ। ਸੰਤ ਜੀ ਬਹੁਤ ਮਿਸ਼ਨਰੀ ਅਤੇ ਤਪੱਸਵੀ ਸੰਤ ਸਨ।

ਇਸ ਪਾਵਨ ਅਸਥਾਨ 'ਤੇ ਸਾਲ ਵਿਚ ਦੋ ਵੱਡੇ ਸਮਾਗਮ ਹੁੰਦੇ ਹਨ ਅਤੇ ਭਾਰੀ ਦੀਵਾਨ ਸੱਜਦੇ ਹਨ। ਪਹਿਲਾ ਸਮਾਗਮ ਜਗਤ ਗੁਰੂ ਰਵਿਦਾਸ ਜੀ ਦੇ ਆਗਮਨ ਪੁਰਬ 'ਤੇ ਮਨਾਉਂਦੇ ਹਾਂ। ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਜਾਂਦਾ ਹੈ। ਸੰਗਤਾਂ ਆਪਣੇ ਧਾਰਮਿਕ ਗ੍ਰੰਥ ਅੰਮ੍ਰਿਤ ਬਾਣੀ ਸਤਿਗੁਰੂ ਰਵਿਦਾਸ ਜੀ ਅਤੇ ਮਹਾਰਾਜ ਜੀ ਦੇ ਸਰੂਪ ਅੱਗੇ ਅਰਦਾਸਾਂ ਬੇਨਤੀਆਂ ਕਰਕੇ ਹੱਥਾਂ ਵਿਚ ਹਰਿ ਦੇ ਨਿਸ਼ਾਨ ਸਾਹਿਬ ਫੜ ਕੇ ਚੱਲਦੀਆਂ ਹਨ। ਇਹ ਸ਼ੋਭਾ ਯਾਤਰਾ 5 ਕਿਲੋਮੀਟਰ ਦੇ ਏਰੀਏ ਵਿਚ ਪ੍ਰਕਰਮਾ ਕਰਦੀ ਹੈ, ਜਿਨ੍ਹਾਂ ਵਿਚ ਅਹਿਮਦਾਬਾਦ, ਬੜੌਦਾ, ਸੂਰਤ, ਮੈਸਾਣਾ, ਗਾਂਧੀ ਨਗਰ, ਭਾਵਨਗਰ, ਅੰਬਰੇਲੀ, ਜੂਨਾਗੜ੍ਹ, ਗਿਰਸੋਮਨਾਥ, ਰਾਜਕੋਟ, ਗੁਰਿੰਦਰ ਨਗਰ, ਜਾਮ ਨਗਰ, ਕੱਛ ਭੁੱਜ ਇਲਾਕੇ ਦੀਆਂ ਸੰਗਤਾਂ ਆਪੋ ਆਪਣੇ ਸਾਧਨਾਂ ਰਾਹੀਂ ਭਜਨ ਮੰਡਲੀਆਂ ਲੈ ਕੇ ਪੁੱਜਦੀਆਂ ਹਨ। ਇਹ ਸ਼ੋਭਾ ਯਾਤਰਾ ਸਵੇਰ ਤੋਂ ਸ਼ਾਮ 5 ਵਜੇ ਤੱਕ ਚੱਲਦੀ ਹੈ। ਕੀਰਤਨ ਸ਼ਬਦ ਬਾਣੀ ਪੜ੍ਹੀ ਜਾਂਦੀ ਹੈ।

ਦੂਸਰਾ ਸਮਾਗਮ ਸਾਵਣ ਮਹੀਨੇ ਦੀ ਸਮਾਪਤੀ 'ਤੇ 24 ਭਾਦੋਂ ਨੂੰ ਮਨਾਉਂਦੇ ਹਾਂ। ਇਸ ਅਸਥਾਨ 'ਤੇ ਸਾਵਣ ਮਹੀਨਾ ਖਤਮ ਹੋਣ ਤੋਂ ਇਕ ਦਿਨ ਪਹਿਲਾਂ ਗੰਗਾ ਪ੍ਰਗਟ ਹੁੰਦੀ ਹੈ। ਇਨ੍ਹਾਂ ਸਮਾਗਮਾਂ ਵਿਚ ਇਲਾਕੇ ਦੀਆਂ ਸੰਗਤਾਂ, ਸੰਤ ਮਹਾਂਪੁਰਸ਼, ਭਜਨ ਮੰਡਲੀਆਂ ਸ਼ਿਰਕਤ ਕਰਦੀਆਂ ਹਨ। ਬ੍ਰਾਹਮਣ ਲੋਕ ਵੀ ਇਸ ਕੁੰਡ ਵਿਚੋਂ ਅੰਮ੍ਰਿਤ ਜਲ ਲੈ ਕੇ ਪਿਪਲ ਦੇ ਪੇੜ ਨੂੰ ਚੜ੍ਹਾਉਂਦੇ ਹਨ ਅਤੇ ਪਿਤਰ ਪੂਜਾ ਕਰਦੇ ਹਨ। ਅੱਜ ਵੀ ਬ੍ਰਾਹਮਣ ਲੋਕ ਆਪਣੇ ਕਿਸੇ ਵਿਅਕਤੀ ਦੀ ਮੌਤ ਉਪਰੰਤ ਇਸ ਕੁੰਡ ਵਿਚ ਅਸਥੀਆਂ ਵਿਸਰਜਤ ਕਰਦੇ ਹਨ ਅਤੇ ਉਨ੍ਹਾਂ ਦੀ ਗਤੀ ਕਰਦੇ ਹਨ। ਸਿਰਮੁੰਡਨ ਵੀ ਕਰਦੇ ਹਨ।

ਇਹ ਆਸ਼ਰਮ ਕਰੀਬ ਦੋ ਏਕੜ ਵਿਚ ਹੈ ਇਸ ਦੀ ਉਸਾਰੀ ਵਿਚ ਹਲਕਾ ਵਿਧਾਇਕ ਆਰ.ਐਮ. ਪਟੇਲ ਰਿਟਾਇਰਡ ਆਈ.ਏ.ਐਸ. ਜੋ ਕਿ ਮੁੱਖ ਮੰਤਰੀ ਗੁਜਰਾਤ ਦੇ ਸਕੱਤਰ ਵੀ ਰਹਿ ਚੁੱਕੇ ਹਨ ਉਨ੍ਹਾਂ ਦੀ ਬਹੁਤ ਦੇਣ ਹੈ। ਉਨ੍ਹਾਂ ਨੇ ਕਰੀਬ 50 ਲੱਖ ਰੁਪਏ ਦੀ ਗ੍ਰਾਂਟ ਇਸ ਅਸਥਾਨ ਨੂੰ ਦਿੱਤੀ ਹੈ ਜਿਸ ਨਾਲ ਸਾਰੀ ਉਸਾਰੀ ਕੀਤੀ ਗਈ ਹੈ। ਇਥੇ ਇਕ ਵੱਡਾ ਹਾਲ ਯਾਤਰੀ ਨਿਵਾਸ ਜਿਸ ਵਿਚ 12 ਕਮਰੇ

ਯਾਤਰੀਆਂ ਦੀ ਸੁਵਿਧਾ ਲਈ ਬਣਾਏ ਹਨ ਜਿਸ ਵਿਚ ਬਾਥਰੂਮ, ਇਸ਼ਨਾਨ ਘਰ ਦੀ ਸਹੂਲਤ ਹੈ। ਜੰਗਲੀ ਏਰੀਏ ਵਿਚ 400 ਦੇ ਕਰੀਬ ਅੱਜ ਵੀ ਸ਼ੇਰ ਹਨ। ਪਹਿਲਾਂ ਸ਼ੇਰ ਪਾਣੀ ਨਾ ਮਿਲਣ 'ਤੇ ਇਸ ਕੁੰਡ ਵਿਚੋਂ ਹੀ ਪਾਣੀ ਪੀਂਦੇ ਸਨ।

ਇਥੇ ਹੀ ਸਿਕੰਦਰ ਲੋਧੀ ਦੇ ਦੋ ਮੌਲਵੀ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਏ ਸਨ ਜਿਨ੍ਹਾਂ ਦੇ ਨਾਮ ਹਜ਼ਰਤ ਨਵਰੰਗ ਸ਼ਾਹ ਅਤੇ ਹਜ਼ਰਤ ਅਵਰੰਗ ਸ਼ਾਹ ਸੀ। ਉਨ੍ਹਾਂ ਦੀਆਂ ਕਬਰਾਂ ਵੀ ਆਸ਼ਰਮ ਦੇ ਨਜ਼ਦੀਕ ਹੀ ਹਨ। ਮੁਸਲਮਾਨ (ਪਠਾਨ) ਲੋਕ ਅੱਜ ਵੀ ਇਸ ਪਾਵਨ ਅਸਥਾਨ ਦੀ ਪੂਜਾ ਕਰਦੇ ਹਨ। ਗੁਰੂ ਜੀ ਦੇ ਕੁੰਡ ਤੋਂ ਜਲ ਲੈ ਕੇ ਪ੍ਰਸ਼ਾਦ ਤਿਆਰ ਕਰਦੇ ਹਨ। ਇਥੇ ਵਰਨਣਯੋਗ ਹੈ ਕਿ ਸਿਕੰਦਰ ਲੋਧੀ ਦੀ ਸਵੈ ਜੀਵਨੀ ਪੁਸਤਕ ਵਿਚ 9 ਅਪ੍ਰੈਲ 1509 ਵਿਚ ਸਿਕੰਦਰ ਲੋਧੀ ਗੁਰੂ ਜੀ ਪਾਸ ਆਏ ਸਨ।

ਸੋਮਨਾਥ ਦਾ ਮੰਦਿਰ ਵੀ ਇਥੋਂ 60-70 ਕਿਲੋਮੀਟਰ ਦੀ ਦੂਰੀ 'ਤੇ ਹੈ। ਪਿੰਡ ਅਜੋਠਾ ਸਰਸਈ ਤੋਂ 10 ਕਿਲੋਮੀਟਰ ਦੀ ਦੂਰੀ 'ਤੇ ਹੈ ਅਤੇ ਉਥੇ ਮਾਧਵ ਰਾਓ ਠਾਕੁਰ (ਭਗਵਾਨ) ਸੀ। ਅਜੋਠਾ ਨਗਰ ਦੇ ਬ੍ਰਾਹਮਣ ਅਛੂਤਾਂ ਨੂੰ ਪ੍ਰਮਾਤਮਾ ਦਾ ਨਾਮ ਨਹੀਂ ਸਨ ਲੈਣ ਦਿੰਦੇ ਅਤੇ ਮੰਦਿਰਾਂ ਵਿਚ ਜਾਣ ਦੀ ਮਨਾਹੀ ਸੀ। ਜਦ ਪਰਾਚੀ ਪਿੰਡ ਦੇ ਵਾਸੀਆਂ ਨੂੰ ਅਜੋਠਾ ਦੇ ਮੰਦਰ ਵਿਚ ਬ੍ਰਾਹਮਣਾਂ ਨੇ ਪ੍ਰਵੇਸ਼ ਦੀ ਮਨਾਹੀ ਕੀਤੀ ਤਾਂ ਪਰਾਚੀ ਵਾਸੀਆਂ ਨੇ ਗੁਰੂ ਰਵਿਦਾਸ ਜੀ ਪਾਸ ਬੇਨਤੀ ਕੀਤੀ। ਗੁਰੂ ਰਵਿਦਾਸ ਜੀ ਨੇ ਅਜਿਹਾ ਕੌਤਕ ਵਰਤਾਇਆ ਕਿ ਅਜੋਠਾ ਦੇ ਮੰਦਰ ਦੀਆਂ ਮੂਰਤੀਆਂ ਚੱਲ ਕੇ ਪਰਾਚੀ ਪਿੰਡ ਗੁਰੂ ਰਵਿਦਾਸ ਜੀ ਕੋਲ ਪਹੁੰਚ ਗਈਆਂ। ਮਾਧਓ ਰਾਓ ਭਗਵਾਨ ਦੀ ਮੂਰਤੀ ਅੱਜ ਤੱਕ ਉਥੇ ਮੌਜੂਦ ਹੈ। ਇਕ ਜਾਮਣ ਦਾ ਦਰੱਖਤ ਇਸੇ ਮੰਦਿਰ ਦੇ ਪਾਸ ਨਦੀ ਕਿਨਾਰੇ ਹੈ ਜੋ ਗੁਰੂ ਜੀ ਦੇ ਕਰ-ਕਮਲਾਂ ਨਾਲ ਲਗਾਇਆ ਦੱਸਦੇ ਹਨ। ਨਜ਼ਦੀਕ ਇਕ ਪਿੱਪਲ ਦਾ ਦਰੱਖਤ ਵੀ ਹੈ। ਅੱਜ ਵੀ ਪੰਡਿਤ ਲੋਕ ਇਸ ਥਾਂ ਪਰਾਚੀ ਪਿੰਡ ਵਿਚ ਪਿੱਪਲ ਹੇਠ ਪਿੱਤਰ ਪੂਜਾ ਕਰਦੇ ਹਨ। ਇਸ ਨਗਰ ਦਾ ਨਾਮ ਹੀ ਪਰਾਚੀ ਪਿੱਪਲਾਂ ਜਾਣਿਆ ਜਾਂਦਾ ਹੈ। ਸਮੁੱਚੇ ਭਾਰਤ ਵਿਚੋਂ ਇਸ ਸਥਾਨ 'ਤੇ ਲੋਕ ਪੂਜਾ ਅਰਚਨਾ ਕਰਨ ਲਈ ਆਉਂਦੇ ਹਨ। ਇਥੇ ਭਾਦੋਂ ਅਤੇ ਕੱਤਕ ਪੂਰੇ ਮਹੀਨੇ ਲੋਕ ਪੂਜਾ ਕਰਨ ਆਉਂਦੇ ਹਨ। ਇਸ ਅਸਥਾਨ 'ਤੇ ਬ੍ਰਾਹਮਣੀ ਸੋਚ ਦੇ ਲੋਕਾਂ ਦਾ ਕਬਜ਼ਾ ਹੈ। ਬਹੁਤ ਭੀੜ ਲੱਗਦੀ ਹੈ।

ਇਕ ਹੋਰ ਮਿਥਿਹਾਸਕ ਗਾਥਾ ਅਨੁਸਾਰ ਦਵਾਰਕਾ ਇਸ ਸਥਾਨ ਸਰਸਈ ਤੋਂ ਸੈਂਕੜੇ ਮੀਟਰ ਦੀ ਦੂਰੀ 'ਤੇ ਹੈ। ਉਥੋਂ ਦੇ ਪੰਡਿਤ ਕਰਮ ਕਾਂਡ ਕਰਦੇ ਹੋਏ ਪੂਜਾ ਕਰਦੇ ਸਨ। ਅਚਾਨਕ ਉਨ੍ਹਾਂ ਦੇ ਹਵਨ ਕੁੰਡ ਵਿਚੋਂ ਘਿਓ ਮੁੱਕ ਗਿਆ। ਕਿਧਰੇ ਵੀ ਘਿਓ ਨਹੀਂ ਸੀ ਮਿਲ ਰਿਹਾ। ਸਰਸਈ ਦੇ ਗਵਾਲਿਆਂ ਨੇ ਸਤਿਗੁਰੂ ਰਵਿਦਾਸ ਜੀ ਅੱਗੇ ਫਰਿਆਦ ਕੀਤੀ ਕਿ ਦਵਾਰਕਾ ਵਿਖੇ ਸਾਡੀ ਪੂਜਾ ਵਿਚ ਵਿਘਨ ਪੈ ਜਾਵੇਗਾ, ਆਪ ਦਯਾ ਕਰੋ, ਸਾਨੂੰ ਕਿਧਰੇ ਘਿਓ ਮਿਲ ਜਾਵੇ। ਮਹਾਰਾਜ ਜੀ ਨੇ ਆਪਣੀ ਸ਼ਕਤੀ ਨਾਲ ਆਪਣੇ ਕੁੰਡ ਵਿਚ ਘਿਓ ਪਾ ਦਿੱਤਾ ਅਤੇ ਕਿਹਾ ਜਾਓ ਇਹ ਘਿਓ ਦਵਾਰਕਾ ਦੇ ਹਵਨ ਕੁੰਡ ਵਿਚ ਪਹੁੰਚ ਜਾਵੇਗਾ। ਬਜ਼ੁਰਗਾਂ ਦੇ ਦੱਸਣ ਮੁਤਾਬਕ ਇੰਝ ਹੀ ਹੋਇਆ। ਘਿਓ ਗੁਰੂ ਜੀ ਦੀ ਸ਼ਕਤੀ ਨਾਲ ਸੈਂਕੜੇ ਮੀਲ ਦੂਰੀ ਤੇ ਦਵਾਰਕਾ ਦੇ ਹਵਨ ਕੁੰਡ ਵਿਚ ਪਹੁੰਚ ਗਿਆ ਅਤੇ ਪ੍ਰੋਹਿਤਾਂ ਦਾ ਹਵਨ ਯੱਗ ਸੰਪੂਰਨ ਹੋਇਆ। ਸਾਰੀਆਂ ਸੰਗਤਾਂ ਜੈ ਗੁਰੂ ਰਵਿਦਾਸ ਧੰਨ ਗੁਰੂ ਰਵਿਦਾਸ ਦੇ ਜੈਕਾਰੇ ਲਾਉਣ ਲੱਗ ਪਈਆਂ। ਇਸ ਗੱਲ ਦੀ ਚਰਚਾ ਸਾਰੇ ਗੁਜਰਾਤ ਵਿਚ ਹੋਣ ਲੱਗ ਪਈ ਅਤੇ ਲੋਕ ਗੁਰੂ ਜੀ ਦਾ ਜੱਸ ਗਾਉਣ ਲੱਗ ਪਏ। ਇਸ ਅਸਥਾਨ'ਤੇ ਗੋਰਖ ਨਾਥ, ਸਤਿਗੁਰੂ ਕਬੀਰ ਜੀ, ਸੰਤ ਮੀਰਾਂ ਬਾਈ ਜੀ ਨੇ ਵੀ

ਮਹਾਰਾਜ ਜੀ ਦੀ ਸੰਗਤ ਕੀਤੀ।

ਜੂਨਾਗੜ੍ਹ ਜ਼ਿਲ੍ਹੇ ਵਿਚ ਨਾਗਰ ਨਰਸੀ ਮਹਿਤਾ ਪੰਡਿਤ ਸੀ ਜੋ ਜਨਮ ਤੋਂ ਗੂੰਗਾ ਅਤੇ ਬੋਲਾ ਸੀ। ਉਸ ਦੇ ਮਾਤਾ ਪਿਤਾ ਕਈ ਵੈਦਾਂ ਪਾਸ ਲੈ ਕੇ ਗਏ ਪਰ ਕਿਧਰੇ ਵੀ ਠੀਕ ਨਾ ਹੋਇਆ। ਆਖਿਰ ਕਿਸੇ ਦੇ ਕਹਿਣ 'ਤੇ ਉਸ ਦੇ ਦਾਦੀ ਬਾਬਾ ਨੇ ਸਤਿਗੁਰੂ ਰਵਿਦਾਸ ਜੀ ਦੇ ਚਰਨਾਂ ਵਿਚ ਬੇਨਤੀ ਕੀਤੀ। ਜਿਵੇਂ ਹੀ ਗੁਰੂ ਜੀ ਨੇ ਨਰਸੀ ਮਹਿਤਾ ਦੇ ਸਿਰ 'ਤੇ ਹੱਥ ਰੱਖਿਆ ਪੰਡਿਤ ਨਰਸੀ ਮਹਿਤਾ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਬੋਲਣ 'ਤੇ ਸੁਣਨ ਲੱਗ ਪਿਆ।

ਇਕ ਹੋਰ ਗਾਥਾ ਅਨੁਸਾਰ ਇਸ ਇਲਾਕੇ ਵਿਚ ਕਣਕਈ ਨਗਰੀ ਵਿਚ ਕਣਕਚਾਵੜਾ ਨਾਮ ਦਾ ਰਾਜਾ ਸੀ। ਉਸ ਦਾ ਸੰਗ ਪੈਦਲ ਗੰਗਾ ਜੀ ਦੀ ਯਾਤਰਾ ਲਈ ਜਾ ਰਿਹਾ ਸੀ। ਰਸਤੇ ਵਿਚ ਮਹਾਰਾਜ ਜੀ ਪਾਸ ਰੁਕੇ। ਮਹਾਰਾਜ ਜੀ ਨੇ ਸਤਿਕਾਰ ਵਜੋਂ ਪ੍ਰਸ਼ਾਦ ਸਮੱਗਰੀ ਭੇਟਾ ਦਿੱਤੀ ਅਤੇ ਕਿਹਾ ਕਿ ਗੰਗਾ ਮਾਤਾ ਆਪ ਭੇਟਾ ਨੂੰ ਆਪਣੇ ਕਰ ਕਮਲਾਂ ਨਾਲ ਸਵੀਕਾਰ ਕਰੇ ਤਾਂ ਹੀ ਦੇਣਾ। ਇੰਝ ਹੀ ਹੋਇਆ ਗੁਰੂ ਜੀ ਦੀ ਭੇਟਾ ਗੰਗਾ ਜੀ ਨੇ ਦੋਵਾਂ ਹੱਥਾਂ ਨਾਲ ਸਵੀਕਾਰ ਕੀਤੀ।

ਗੁਜਰਾਤ ਦੇ ਇਸ ਜੰਗਲੀ ਇਲਾਕੇ ਵਿਚ ਅੱਜ ਵੀ 400 ਦੇ ਕਰੀਬ ਸ਼ੇਰ ਰਹਿੰਦੇ ਹਨ। ਇਸ ਸਥਾਨ ਤੋਂ 25 ਕਿਲੋਮੀਟਰ ਦੂਰੀ 'ਤੇ ਗੁਜਰਾਤ ਸਰਕਾਰ ਵੱਲੋਂ ਇਕ ਟੂਰਿਸਟ ਪਲੇਸ ਬਣਾਈ ਹੋਈ ਹੈ ਜੋ ਗੁਜਰਾਤ ਟੂਰਿਜ਼ਮ ਦੇ ਅਧੀਨ ਹੈ। ਸਾਲ ਵਿਚ ਅਨੇਕਾਂ ਯਾਤਰੀ ਇਸ ਟੂਰਿਸਟ ਪਲੇਸ 'ਤੇ ਆਉਂਦੇ ਹਨ ਇਹ ਦੇਖਣਯੋਗ ਸਥਾਨ ਹੈ। ਲੋਕ ਇਸ ਸਫਾਰੀ ਪਾਰਕ ਵਿਚ ਸ਼ੇਰ ਦੇਖਦੇ ਹਨ। ਗੁਜਰਾਤ ਟੂਰਿਜ਼ਮ ਵਿਭਾਗ ਵੱਲੋਂ ਸੁਚੱਜੇ ਪ੍ਰਬੰਧ ਕੀਤੇ ਕੀਤੇ ਗਏ ਹਨ।

ਸ੍ਰੀ ਗੁਰੂ ਰਵਿਦਾਸ ਆਸ਼ਰਮ ਗੰਗਾ ਕੁੰਡ ਦੀ ਮਹਾਨਤਾ ਜੂਨਾਗੜ੍ਹ ਗੁਜਰਾਤ ਵੀ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਮਹਾਨ ਤੀਰਥ ਖੁਰਾਲਗੜ੍ਹ ਵਾਂਗ ਹੈ। ਦੋਨੋਂ ਪਾਵਨ ਅਸਥਾਨਾਂ ਦੀ ਬਹੁਤ ਧਾਰਮਿਕ ਅਤੇ ਇਤਿਹਾਸਕ ਮਹੱਤਤਾ ਹੈ। ਬੁੱਧੀਜੀਵੀਆਂ ਅਤੇ ਵਿਦਵਾਨਾਂ ਨੂੰ ਇਸ ਮਹਾਨ ਗੰਗਾ ਕੁੰਡ ਦੀ ਹੋਰ ਖੋਜ ਕਰਨੀ ਚਾਹੀਦੀ ਹੈ ਅਤੇ ਸੰਗਤਾਂ ਨੂੰ ਇਸ ਦੇ ਦਰਸ਼ਨ ਕਰਕੇ ਆਪਣਾ ਜੀਵਨ ਸਫ਼ਲ ਬਣਾਉਣਾ ਚਾਹੀਦਾ ਹੈ।

**ਜੇਕਰ ਮਨੁੱਖ ਇਕ ਦੁਕਾਨ ਹੈ ਤਾਂ ਜ਼ੁਬਾਨ ਉਸ ਦਾ ਤਾਲਾ। ਤਾਲਾ ਖੁਲ੍ਹਦੇ ਹੀ ਪਤਾ ਲੱਗ ਜਾਂਦਾ ਹੈ ਕਿ ਦੁਕਾਨ ਸੋਨੇ ਦੀ ਹੈ ਜਾਂ ਕੋਲੇ ਦੀ।**

ਸੰਸਥਾ ਵੱਲੋਂ 5ਵੀਂ ਤੋਂ 12ਵੀਂ ਜਮਾਤ ਤੱਕ ਪੜ੍ਹਦੇ ਬੱਚਿਆਂ ਦੀਆਂ ਕਲਾਸਾਂ ਲਗਾਉਣ ਲਈ ਬਾਣੀ ਦਾ ਗੁਟਕਾ ਸਾਹਿਬ ਅਤੇ 16 ਰਹਿਬਰਾਂ ਦੇ ਜੀਵਨ ਸਬੰਧੀ 100 ਸਵਾਲ-ਜਵਾਬ ਦਾ ਪੰਫਲਿਟ ਪ੍ਰਕਾਸ਼ਿਤ ਕੀਤਾ ਗਿਆ ਹੈ। ਕਲਾਸਾਂ ਲਗਾਉਣ ਤੋਂ ਬਾਅਦ ਬੱਚਿਆਂ ਦੇ ਪੇਪਰ ਲੈ ਕੇ ਪਾਸ ਵਿਦਿਆਰਥੀਆਂ ਨੂੰ ਸਨਮਾਨ ਪੱਤਰ ਦਿੱਤੇ ਜਾਂਦੇ ਹਨ। ਇਹ ਸਾਰਾ ਉਪਰਾਲਾ ਮੁਫ਼ਤ ਕੀਤਾ ਜਾਂਦਾ ਹੈ। ਮਿਸ਼ਨਰੀ ਸੱਜਣ ਕਲਾਸਾਂ ਦਾ ਪ੍ਰਬੰਧ ਕਰਕੇ ਬੱਚਿਆਂ ਨੂੰ ਗੁਰੂ ਜੀ ਦੇ ਮਿਸ਼ਨ ਨਾਲ ਜੋੜਣ ਵਿਚ ਆਪਣਾ ਯੋਗਦਾਨ ਪਾਉਣ ਜੀ।

**ਵਧੇਰੇ ਜਾਣਕਾਰੀ ਲਈ 98148-39944 'ਤੇ ਸੰਪਰਕ ਕਰੋ ਜੀ।**

# ਆਦਿ ਵੰਸ਼ ਸਮਾਜ ਦੀ ਨਿਘਰਦੀ ਦਸ਼ਾ



ਰਾਮਧਨ ਨਾਂਗਲੂ-ਭੋਗਪੁਰ-ਜਲੰਧਰ
98154-85844

ਆਦਿ ਵੰਸ਼ ਉਹ ਸਮਾਜ ਹੈ ਜੋ ਵਰਤਮਾਨ ਵਿਚ ਆਦਿ ਵੰਸ਼ੀ, ਆਦਿ ਧਰਮੀ, ਆਦਿ ਵਾਸੀ ਜਾਂ ਮੂਲ ਵਾਸੀ ਅਖਵਾਉਂਦਾ ਹੈ। ਇਸ ਵਿਚ ਉਹ ਸਾਰੇ ਗਿਣੇ ਜਾਂਦੇ ਹਨ ਜੋ ਹੱਥੀਂ ਕਿਰਤ ਕਰਨ ਵਾਲੇ ਹਨ। ਜੋ ਭਾਰਤ ਦੇ ਮੋਢੇ ਹਨ ਤੇ ਇਸ ਦੀ ਸਭਿਅਤਾ ਦਾ ਮੁੱਢ ਬੰਨਿਆ। ਜਿਵੇਂ ਕਿ ਕਿਸਾਨ, ਮਜ਼ਦੂਰ, ਲੁਹਾਰ, ਤਰਖਾਣ, ਚਮਾਰ, ਬਾਲਮੀਕ, ਬਾਜੀਗਰ, ਛੀਂਬੇ, ਜੁਲਾਹੇ, ਰਾਜ ਮਿਸਤਰੀ, ਭਵਨ ਉਸਾਰ, ਸੁਨਿਆਰ, ਨਾਈ, ਧੋਬੀ, ਸਿਰਕੀਬਨ, ਝਿਊਰ, ਸੰਗਤਰਾਸ਼ ਅਤੇ ਹੋਰ ਸਾਰੇ ਹੱਥ ਕਿਰਤੀ ਕਾਮੇ। ਇਹ ਸਾਰੇ ਵਰਗ ਭਾਰਤ ਵਿਚ ਆਪਣਾ ਯੋਗਦਾਨ ਪਾਉਂਦੇ ਹੋਏ ਭਾਰਤ ਦੇਸ਼ ਨੂੰ ਬੜੀ ਹੀ ਉਚ ਦਰਜੇ ਦੀ ਸਭਿਅਤਾ ਦੇ ਪੌਡੇ ਤੱਕ ਲੈ ਗਏ। ਇਸ ਦੇਸ਼ ਨੂੰ ਧਨਾਢ ਤੇ ਸੁਖਦਾਈ ਬਣਾਇਆ। ਇਸ ਦੇਸ਼ ਦੀ ਉੱਨਤੀ ਦੇ ਸਬੱਬ ਭਾਰਤ ਸੋਨੇ ਦੀ ਚਿੜੀ ਅਖਵਾਇਆ ਤੇ ਵਿਦੇਸ਼ੀਆਂ ਲਈ ਖਿੱਚ ਦਾ ਕੇਂਦਰ ਬਣਿਆ।

ਭਾਰਤ ਦੀ ਏਹੋ ਉੱਨਤੀ ਇਸ ਦੇ ਵਿਨਾਸ਼ ਦਾ ਕਾਰਨ ਬਣ ਗਈ। ਮੱਧ ਏਸ਼ੀਆ ਵਿਚੋਂ ਭੁੱਖੇ ਪਿਆਸੇ ਆਰੀਆ ਲੋਕਾਂ ਨੂੰ ਭਾਰਤ ਦੀ ਖੁਸ਼ਹਾਲੀ ਨੇ ਲਲਚਾਇਆ ਤੇ ਉਹ ਅੱਜ ਤੋਂ ਪੰਜ, ਛੇ ਹਜ਼ਾਰ ਸਾਲ ਪਹਿਲਾਂ ਹਮਲਾਵਰ (ਆਕਰਮਣ ਕਾਰੀ) ਹੋਏ ਤੇ ਭਾਰਤ ਦੀਆਂ ਮੂਲ ਜਾਤੀਆਂ, ਉਹਨਾਂ ਦੀ ਉੱਨਤ ਸਭਿਅਤਾ, ਧਨ, ਸੰਪਤੀ ਦਾ ਨਾਸ਼ ਕਰਕੇ ਭਾਰਤ ਦੇ ਹਾਕਮ (ਮਾਲਕ) ਬਣ ਬੈਠੇ। ਤਦ ਤੋਂ ਇਹ ਭਾਰਤ ਦੀ ਮੂਲ ਸੰਸਕ੍ਰਿਤੀ ਵਿਨਾਸ਼ਤਾ ਵੱਲ ਧੱਸਦੀ ਜਾ ਰਹੀ ਹੈ। ਆਰੀਆ ਲੋਕਾਂ ਦੇ ਦਮਨ ਚੱਕਰ ਨੇ ਇਹਨਾਂ ਮੂਲਵਾਸੀਆਂ ਨੂੰ ਅਜੇ ਤੱਕ ਮੁੜ ਉਠਣ ਤੇ ਵਧਣ ਫੁੱਲਣ ਦਾ ਕੋਈ ਮੌਕਾ ਨਹੀਂ ਦਿੱਤਾ। ਇਹੋ ਕਾਰਨ ਹੈ ਕਿ ਭਾਰਤ ਦੇ ਮੂਲਵਾਸੀ ਨਿਰਧਨਤਾ ਦੀ ਖਾਈ ਵਿਚ ਡਿੱਗੇ ਜੀਵਨ ਕਟੀ ਕਰੀ ਜਾ ਰਹੇ ਹਨ। ਭਾਰਤ ਦੇ ਕਿਰਤੀ-ਮੂਲਵਾਸੀਆਂ ਦੀ ਸੰਪਤੀ ਦੀ ਲੁੱਟ, ਮੌਤ ਦੇ ਘਾਟ ਉਤਾਰੇ ਜਾਣਾ, ਧਨ, ਧਰਤੀ ਤੇ ਅਧਿਕਾਰ ਜਮਾ ਲੈਣਾ, ਵਿੱਦਿਆ ਪੜ੍ਹਨ ਤੋਂ ਦੂਰ ਰੱਖਣਾ, ਮੂਲਵਾਸੀਆਂ ਨਾਲ ਘਿਰਨਾ ਦਾ ਵਿਵਹਾਰ ਕਰਨਾ ਆਦਿ ਅਜੇ ਤੱਕ ਜਾਰੀ ਹੈ। ਇਸੇ ਕਰਕੇ ਇਹ ਮੂਲ ਵੰਸ਼ੀ ਸਮਾਜ ਬਰਾਬਰੀ ਤੱਕ ਆ ਨਹੀਂ ਸਕਿਆ। ਹਰ ਪਾਸੇ ਹਰ ਪੱਖ ਤੋਂ ਇਨ੍ਹਾਂ ਮੂਲ ਵੰਸ਼ੀਆਂ ਨੂੰ ਵਾਂਝੇ ਰੱਖਣ ਕਾਰਨ ਇਹ ਭਾਰਤ ਦੇ ਮਾਲਿਕ ਹੁੰਦੇ ਹੋਏ ਵੀ ਪੱਛੜੇ ਹੋਏ ਹਨ। ਭਾਵੇਂ 26 ਜਨਵਰੀ, 1950 ਦੇ ਭਾਰਤ ਦੇ ਸੰਵਿਧਾਨ ਅਨੁਸਾਰ ਇਹਨਾਂ ਆਦਿ ਵੰਸ਼ੀ ਲੋਕਾਂ ਨੂੰ ਵਧਣ, ਫੁੱਲਣ, ਉੱਨਤੀ ਕਰਨ ਦਾ ਸੁਅਵਸਰ ਦਿੱਤਾ ਗਿਆ ਹੈ ਪਰ ਹਾਲੇ ਤੱਕ ਮੂਲ ਰੂਪ ਵਿਚ ਜਾਤੀ ਵਿਤਕਰੇ ਦਾ ਧਾੜਵੀ ਲੋਕਾਂ ਦਾ ਵਿਰੋਧ ਮੂਲ ਵੰਸ਼ੀਆਂ ਦੀ ਉੱਨਤੀ ਕਰਨ ਦੇ ਮਾਰਗ ਵਿਚ ਅੜਿੱਕਾ ਬਣਿਆ ਹੋਇਆ ਹੈ, ਇਹੋ ਕਾਰਨ ਹੈ ਕਿ ਇਹ ਭਾਰਤ ਦੇ ਮੂਲ ਵੰਸ਼ੀ ਅਜੇ ਤੱਕ ਹਰ ਪੱਖ ਤੋਂ ਪੱਛੜੇ ਨਿਘਾਰ ਵੱਲ ਜਾ ਰਹੇ ਹਨ।

ਭਾਰਤ ਦੇ ਮੂਲ ਵੰਸ਼ੀ ਕਿਰਤੀਆਂ ਦੇ ਜੀਵਨ ਪੱਧਰ ਨੂੰ ਏਨਾ ਸਾਹਸ ਹੀਨ ਤੇ ਨਿਰਬਲ ਕਰ ਦਿੱਤਾ ਗਿਆ ਹੈ ਕਿ ਇਹ ਅੱਜ ਤੱਕ ਵੀ ਨਿਘਰਦੀ ਹਾਲਤ ਦੀ ਦਲ ਦਲ ਵਿਚੋਂ ਬਾਹਰ ਨਹੀਂ ਆ ਸਕੇ।


ਇਹਨਾਂ ਵਿਚ ਏਕਤਾ ਅਜੇ ਤੱਕ ਹੋ ਨਹੀਂ ਸਕੀ। ਆਪਣੇ ਸਾਹਸ ਨੂੰ ਬਟੋਰ ਕੇ ਉੱਨਤੀ ਦੇ ਮਾਰਗ ਵੱਲ ਅਗਰਸਰ ਹੋ ਨਹੀਂ ਸਕੇ। ਇਹ ਆਦਿ ਵੰਸ਼ੀ ਲੋਕ ਨਿਰਾਸ਼ਾ ਦੇ ਜੀਵਨ ਵਿਚੋਂ ਆਪਣੇ ਆਪ ਨੂੰ ਕੱਢ ਨਹੀਂ ਸਕੇ। ਇਹੋ ਕਾਰਨ ਹੈ ਕਿ ਇਨ੍ਹਾਂ ਮੂਲ ਵੰਸ਼ੀਆਂ ਦਾ ਜੀਵਨ ਪੱਧਰ ਉੱਪਰ ਨਹੀਂ ਉੱਠ ਸਕਿਆ।

ਭਾਰਤ ਦੇ ਆਦਿ ਵੰਸ਼ੀਆਂ ਵਿਚੋਂ ਕੁਝ ਲੋਕ ਰਾਜਨੀਤਿਕ ਤੌਰ 'ਤੇ ਅੱਗੇ ਵਧੇ ਹਨ ਪਰ ਇਹ ਅਜੇ ਤੱਕ ਆਪਣੇ ਆਪ ਤੱਕ ਹੀ ਸੀਮਤ ਹਨ। ਆਪਣੇ ਸਮਾਜ ਦੇ ਉਭਾਰ-ਉਠਾਣ ਵੱਲ ਕੋਈ ਧਿਆਨ ਨਹੀਂ। ਕਿਉਂਕਿ, ਉਹ ਆਪਣੇ ਵਿਚੋਂ ਹੀਣਭਾਵਨਾ ਨੂੰ ਕੱਢ ਨਹੀਂ ਸਕੇ। ਕੁਝ ਲੋਕ ਕੁਝ ਉੱਦਮ ਕਰਕੇ ਅੱਗੇ ਤਾਂ ਵਧੇ ਹਨ ਪਰ ਉਹ ਵੀ ਆਪਣੇ ਆਪ ਨੂੰ ਸਮਾਜ ਵਿਚ ਛੁਪਾ-ਲੁਕੋ ਕੇ ਰੱਖਦੇ ਹਨ। ਅਜਿਹੇ ਲੋਕਾਂ ਦੀ ਹੀਣਭਾਵਨਾ ਹੀ ਇਨ੍ਹਾਂ ਨੂੰ ਜਾਗਣ ਤੇ ਹੀਣਭਾਵਨਾ ਤਿਆਗਣ ਦਾ ਸਾਹਸ ਨਹੀਂ ਦੇ ਰਹੀ। ਇਹਨਾਂ ਆਦਿ ਵੰਸ਼ੀਆਂ ਵਿਚੋਂ ਕੁਝ ਧਰਮ ਦੇ ਖੇਤਰ ਵਿਚ ਅੱਗੇ ਤੁਰੇ ਹੋਏ ਹਨ। ਨਿਰਧਨ ਅਨਪੜ੍ਹ ਆਦਿ ਵੰਸ਼ ਸਮਾਜ ਨੂੰ ਅੱਗੇ ਤੋਰਨ ਦਾ, ਉੱਨਤੀ ਕਰਨ ਦਾ, ਸਮਾਜ ਜੋੜਨ ਦਾ, ਏਕਤਾ ਵਿਚ ਬੰਨ੍ਹਣ ਦਾ, ਹੀਣਭਾਵਨਾ ਨੂੰ ਇਹਨਾਂ ਭੋਲੇ ਲੋਕਾਂ ਦੇ ਦਿਲਾਂ ਵਿਚੋਂ ਕੱਢਣ ਦਾ ਇਨ੍ਹਾਂ ਸੰਤਾਂ-ਮਹਾਂਪੁਰਸ਼ਾਂ ਦਾ ਕਾਰਜ ਹੈ, ਕਰਤਵ ਹੈ। ਪਰ ਸਮਾਜ ਦੀ ਬਦਕਿਸਮਤੀ ਹੈ ਕਿ ਸਾਡੇ ਸੰਤ ਮਹਾਂਪੁਰਸ਼ ਇਸ ਮਾਰਗ ਵੱਲ ਤੁਰੇ ਨਹੀਂ ਹਨ। ਅਜੇ ਤੱਕ ਸਾਰੇ ਆਦਿ ਵੰਸ਼ੀ ਡੇਰੇ ਇਕੱਠੇ ਨਹੀਂ ਹੋਏ। ਆਦਿ ਸਮਾਜ ਦੀ ਨਿਘਰਦੀ ਜਾ ਰਹੀ ਹਾਲਤ ਦੀ ਸੰਤ ਮਹਾਂਪੁਰਸ਼ਾਂ ਨੂੰ ਚਿੰਤਾ ਕਰਨੀ ਚਾਹੀਦੀ ਹੈ।

ਆਦਿ ਵੰਸ਼ ਸਮਾਜ ਨੂੰ ਇਕ ਲੜੀ ਵਿਚ ਪਰੋਣਾ ਕੋਈ ਕਠਿਨ ਕੰਮ ਨਹੀਂ। ਜੇਕਰ ਹਰ ਇਕ ਡੇਰੇ ਦਾ ਮਾਲਕ ਸੰਚਾਲਕ ਜਾਂ ਗੱਦੀਨਸ਼ੀਨ ਆਪਣੀ ਹਉਮੈਂ ਨੂੰ ਮਾਰ ਕੇ ਏਕਤਾ ਦੇ ਪੰਧ ਤੁਰੇ, ਇਕ ਡੇਰਾ ਦੂਜੇ ਡੇਰੇ ਨਾਲ ਭਾਈਚਾਰਕ ਸਾਂਝ ਪਾਵੇ ਤੇ ਸਤਿਕਾਰ ਭਾਵਨਾ ਨਾਲ ਮਿਲਵਰਤਣ ਕਰੇ, ਸੰਤ ਸੰਤ ਵਿਚ ਕੋਈ ਵਿਤਕਰਾ ਨਾ ਹੋਵੇ, ਇਕੋ ਭਾਈਚਾਰਾ ਹੋਵੇ, ਜੇਕਰ ਆਦਿ ਵੰਸ਼ ਦਾ ਸੰਤ ਸਮਾਜ ਇਹ ਠਾਣ ਲਵੇ ਕਿ ਅਸੀਂ ਆਦਿ ਵੰਸ਼ ਸਮਾਜ ਦੇ ਕਲਿਆਣ ਲਈ ਕਾਰਜ ਕਰਨਾ ਹੈ ਤਾਂ ਆਦਿ ਵੰਸ਼ ਸਮਾਜ ਦੇ ਭਲੇ ਦੇ ਨਾਲ-ਨਾਲ ਆਦਿ ਵੰਸ਼ ਸੰਤ ਸਮਾਜ ਦਾ ਕਲਿਆਣ ਵੀ ਹੁੰਦਾ ਹੈ, ਇਨ੍ਹਾਂ ਦਾ ਮਾਣ ਸਤਿਕਾਰ ਵੀ ਵਧੇਗਾ ਤੇ ਮਾਨਤਾ ਵੀ ਵਧੇਗੀ ਤੇ ਸੰਗਤ ਵਿਚ ਵੀ ਵਾਧਾ ਹੋਵੇਗਾ।

ਮੇਰੇ ਕੋਲ ਆਦਿ ਵੰਸ਼ ਸਮਾਜ ਦੇ ਛੇ ਗ੍ਰੰਥ ਹਨ। (1) ਰਵਿਦਾਸ ਦੀਪ (ਸੰਤ ਹੀਰਾ ਦਾਸ-1912), (2) ਆਦਿ ਪ੍ਰਕਾਸ਼-ਰਤਨਾਕਰ (ਸੰਤ ਈਸ਼ਰ ਦਾਸ-1985), (3) ਆਦਿ ਅੰਮ੍ਰਿਤ ਬਾਣੀ (ਆਲ ਇੰਡੀਆ ਆਦਿ ਧਰਮ), (4) ਸ੍ਰੀ ਗੁਰਸਿੱਖਿਆ ਸਾਹਿਬ (ਸੰਤ ਗੁਰਦੇਵ ਲੁਗਾਹ-1991-92), (5) ਆਦਿ ਗੁਰਬਾਣੀ (ਸ੍ਰੀ ਗੁਰੂ ਰਵਿਦਾਸ ਪ੍ਰਬੰਧਕ ਕਮੇਟੀ-1998) ਅਤੇ (6) ਅੰਮ੍ਰਿਤ ਬਾਣੀ (ਸੀਰ ਗੋਵਰਧਨਪੁਰ-ਵਾਰਾਨਸੀ-2010) ਪਰ, ਸਵਾਏ ਆਪਣੇ-ਆਪਣੇ ਡੇਰਿਆਂ ਦੇ ਇਹਨਾਂ ਦੀ ਮਾਨਤਾ ਸਮੁੱਚੇ ਰੂਪ ਵਿਚ ਕਿਤੇ ਵੀ ਨਹੀਂ। ਜੇਕਰ ਆਦਿ ਵੰਸ਼ ਦਾ ਸਮੁੱਚਾ ਸੰਤ ਪਰਿਵਾਰ ਮਿਲ ਕੇ ਸਰਵ ਪ੍ਰਵਾਨਿਤ ਤੇ ਪ੍ਰਮਾਣਿਤ ਗ੍ਰੰਥ ਤਿਆਰ ਕਰ ਲੈਣ ਤਾਂ ਸਾਰਾ ਆਦਿ ਵੰਸ਼ ਸਮਾਜ ਇਕ ਧਰਮ, ਇਕ ਧਾਰਮਕ ਗ੍ਰੰਥ, ਇਕੋ ਝੰਡਾ, ਇਕੋ ਧਾਰਮਕ ਚਿੰਨ ਅਪਨਾ ਕੇ ਇਕੱਠਾ ਹੋ ਸਕਦਾ ਹੈ ਤੇ ਮੁੜ ਆਪਣੇ ਦੇਸ਼ ਦਾ ਮਾਲਕ ਬਣ ਸਕਦਾ ਹੈ। ਸੰਤ ਸਮਾਜ ਨੂੰ ਕੇਵਲ ਅਗਵਾਈ ਕਰਨ ਦੀ ਲੋੜ ਹੈ। ਖਰਚ ਸਮਾਜ ਨੇ ਕਰਨਾ ਹੈ। ਗ੍ਰੰਥ ਆਦਿ ਸਮਾਜ ਦੇ ਪੜ੍ਹੇ-ਲਿਖੇ ਬੁੱਧੀਜੀਵੀਆਂ ਨੇ ਤਿਆਰ ਕਰਨਾ ਹੈ। ਇਸ ਦੀ ਆਮਦਨ, ਯਸ਼, ਸਲਾਉਤਾ ਤੇ ਵਾਹ-ਵਾਹ ਆਦਿ ਸਮਾਜ ਦੇ ਸੰਤ ਵਰਗ ਦੀ ਹੋਣੀ ਹੈ। ਇਸ ਕਾਰਜ

ਲਈ ਆਦਿ ਸਮਾਜ ਦਾ ਬੁਧੀਜੀਵੀ ਤਿਆਰ ਹੈ। ਲੋਹਾ ਗਰਮ ਹੈ। ਬਸ, ਇਸ ਵੇਲੇ ਲੋੜ ਹੈ ਆਦਿ ਵੰਸ਼ ਦੇ ਸੰਤ ਸਮਾਜ ਵੱਲੋਂ ਗਰਮ ਲੋਹੇ 'ਤੇ ਹਥੌੜੇ ਦੀ ਸੱਟ ਮਾਰਨ ਦੀ। ਅਜਿਹਾ ਕਰਨ ਨਾਲ ਕੇਵਲ ਆਦਿ ਵੰਸ਼ੀ ਸਮਾਜ ਹੀ ਦਾਸਤਾ (SLAVERY) ਦੀ ਦਲਦਲ ਵਿਚੋਂ ਬਾਹਰ ਨਹੀਂ ਨਿਕਲਦਾ ਸਗੋਂ ਬੁਧੀਜੀਵੀਆਂ ਦੇ ਨਾਲ-ਨਾਲ ਆਦਿ ਵੰਸ਼ੀ (ਆਦਿ ਧਰਮੀ, ਮੂਲਵਾਸੀ, ਆਦਿਵਾਸੀ) ਸੰਤ ਸਮਾਜ ਵੀ ਸਦਾ ਸਦਾ ਦੇ ਲਈ ਅਮਰ ਹੋ ਜਾਂਦਾ ਹੈ।




# ਬਾਣੀ ਗੁਰੂ, ਗੁਰੂ ਹੈ ਬਾਣੀ...

ਰਛਪਾਲ ਸਿੰਘ ਬੱਧਣ (ਚੇਅਰਮੈਨ)
ਐਨ.ਬੀ. 180,
ਪ੍ਰੀਤ ਨਗਰ ਸੋਢਲ ਰੋਡ ਜਲੰਧਰ
94176-10120



1970-71 ਵਿਚ ਗਿਆਨੀ ਦੀ ਕਲਾਸ ਦੇ ਕੋਰਸ ਵਿਚ ਮੁਸਲਿਮ ਧਰਮ ਦੀ 'ਪੱਕੀ ਰੋਟੀ' ਪੁਸਤਕ ਲੱਗੀ। ਪੁਸਤਕ ਮੈਂ ਬਹੁਤ ਧਿਆਨ ਨਾਲ ਪੜ੍ਹੀ ਪਰ ਬਹੁਤੀਆਂ ਗੱਲਾਂ ਮੇਰੀ ਸਮਝ ਤੋਂ ਦੂਰ ਸਨ, ਕਿਉਂਕਿ ਮੁਸਲਿਮ ਧਰਮ ਬਾਰੇ ਮੈਨੂੰ ਬਹੁਤੀ ਜਾਣਕਾਰੀ ਨਹੀਂ ਸੀ ਤੇ ਨਾ ਹੀ ਮੈਨੂੰ ਉਰਦੂ ਆਉਂਦੀ ਸੀ। ਇਸ ਲਈ ਜਿਹੜੀਆਂ ਗੱਲਾਂ ਮੇਰੇ ਸਮਝ ਨਹੀਂ ਆਈਆਂ, ਉਥੇ ਲਾਲ ਸਿਆਹੀ ਨਾਲ ਨਿਸ਼ਾਨੀਆਂ ਲਾਉਣੀਆਂ ਪਈਆਂ। ਉਹ ਗੱਲਾਂ ਸਮਝਣੀਆਂ ਜ਼ਰੂਰੀ ਸਨ, ਕਿਉਂਕਿ ਉਹ ਪੁਸਤਕ ਮੈਂ ਗਿਆਨੀ ਦੇ ਵਿਦਿਆਰਥੀਆਂ ਨੂੰ ਪੜ੍ਹਾਉਣੀ ਸੀ ਤੇ ਉਸ ਦਾ ਖੁਲਾਸਾ ਵੀ ਤਿਆਰ ਕਰਨਾ ਸੀ। ਉਹ ਗੱਲਾਂ ਸਮਝਣ ਲਈ ਜਲੰਧਰ ਦੇ ਪ੍ਰਸਿੱਧ ਮੁਸਲਿਮ ਧਾਰਮਿਕ ਅਸਥਾਨ ਅਮਾਮ ਨਾਸਰ ਵਿਖੇ ਜਾਣਾ ਪਿਆ।

ਸਤਿਕਾਰਯੋਗ ਮੌਲਵੀ ਜੀ ਸ਼ਰਧਾਲੂਆਂ ਦੀਆਂ ਦੁੱਖ-ਤਕਲੀਫ਼ਾਂ ਸੁਣ ਕੇ ਉਨ੍ਹਾਂ ਦੇ ਉਪਾਅ ਦੱਸ ਰਹੇ ਸਨ। ਮੈਂ ਵੀ ਉਨ੍ਹਾਂ ਸ਼ਰਧਾਲੂਆਂ ਦੇ ਪਿੱਛੇ ਜਾ ਬੈਠਾ। ਮੌਲਵੀ ਜੀ ਨੇ ਛੇਤੀ ਹੀ ਮੈਨੂੰ ਸੱਦ ਲਿਆ ਤੇ ਬੜੇ ਪਿਆਰ ਤੇ ਸਤਿਕਾਰ ਨਾਲ ਸਮੱਸਿਆ ਪੁੱਛੀ।

ਮੈਂ ਬੈਗ ਵਿਚੋਂ 'ਪੱਕੀ ਰੋਟੀ' ਪੁਸਤਕ ਉਨ੍ਹਾਂ ਦੇ ਹੱਥਾਂ ਵਿਚ ਫੜਾ ਦਿੱਤੀ। ਉਨ੍ਹਾਂ ਨੇ ਪੁਸਤਕ ਨੂੰ ਬੜੇ ਸਤਿਕਾਰ ਨਾਲ ਪਕੜਿਆ ਤੇ ਪੁਸਤਕ ਦਾ ਨਾਂਅ ਪੜ੍ਹ ਕੇ ਉਨ੍ਹਾਂ ਨੇ ਪੁਸਤਕ ਨੂੰ ਬੜੇ ਆਦਰ ਨਾਲ ਮੱਥੇ ਨੂੰ ਛੁਹਾਇਆ ਤੇ ਫਿਰ ਇਕ ਰੁਮਾਲੇ ਵਿਚ ਵਲੇਟ ਕੇ ਕਿਹਾ, 'ਯੇਹ ਤੋ ਹਮਾਰੀ ਧਾਰਮਿਕ ਪੁਸਤਕ ਹੈ, ਇਸ ਮੇਂ ਮੁਸਲਿਮ ਧਰਮ ਕੇ ਅਸੂਲੋਂ ਕੀ ਬਾਤ ਕਹੀ ਗਈ ਹੈ।'

ਮੈਂ ਦੱਸਿਆ ਕਿ ਇਹ ਪੁਸਤਕ ਗਿਆਨੀ ਦੀ ਕਲਾਸ ਵਿਚ ਲੱਗੀ ਹੈ ਤੇ ਮੈਂ ਵਿਦਿਆਰਥੀਆਂ ਨੂੰ ਸਮਝਾਉਣੀ ਹੈ। ਬਹੁਤ ਸਾਰੀਆਂ ਗੱਲਾਂ ਮੇਰੀ ਸਮਝ ਤੋਂ ਬਾਹਰ ਹਨ, ਉਹ ਮੈਂ ਸਮਝਣਾ ਚਾਹੁੰਦਾ ਹਾਂ। ਮੌਲਵੀ ਜੀ ਨੇ ਦੂਸਰੇ ਦਿਨ ਆਉਣ ਦਾ ਸਮਾਂ ਦੇ ਦਿੱਤਾ। ਤੇ ਫਿਰ ਉਨ੍ਹਾਂ ਨੇ ਲਗਾਤਾਰ 5 ਦਿਨ ਰੋਜ਼ਾਨਾ ਇਕ ਘੰਟਾ ਲਾ ਕੇ ਮੈਨੂੰ ਸਾਰੀਆਂ ਗੱਲਾਂ ਸਮਝਾਈਆਂ ਤੇ ਮੇਰੀ ਟਹਿਲ ਸੇਵਾ ਵੀ ਕਰਵਾਉਂਦੇ ਰਹੇ। ਮੈਂ

ਉਨ੍ਹਾਂ ਦੀ ਦੂਸਰੇ ਧਰਮ ਦੇ ਵਿਅਕਤੀ ਨੂੰ ਆਪਣੇ ਧਰਮ ਬਾਰੇ ਸਮਝਾਉਣ ਦੀ ਲਗਨ, ਸ਼ਰਧਾ, ਪਿਆਰ ਤੇ ਸਤਿਕਾਰ ਤੋਂ ਬਹੁਤ ਪ੍ਰਭਾਵਿਤ ਹੋਇਆ। ਇਸੇ ਤਰ੍ਹਾਂ ਮੈਂ ਬਾਈਬਲ ਦਾ ਲਿਖਤੀ ਕੋਰਸ ਕੀਤਾ ਤੇ ਬ੍ਰਹਮ ਕੁਮਾਰੀਜ਼ ਆਸ਼ਰਮ ਦੀਆਂ ਕਲਾਸਾਂ ਵਿਚੋਂ ਬਹੁਤ ਕੁਝ ਸਿੱਖਿਆ। ਸੰਤਾਂ ਮਹਾਤਮਾ ਦੀ ਸੰਗਤ ਦਾ ਰੰਗ ਮਾਣਿਆ ਤੇ 'ਬੇਗ਼ਮਪੁਰਾ ਪਰਿਵਾਰ' ਅਖ਼ਬਾਰ ਦੀ ਸੰਪਾਦਨਾ ਵੇਲੇ ਗਿਆਨ ਹਾਸਲ ਕੀਤਾ।

ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ (ਰਜਿ.) ਦੀ ਪਿਛਲੇ ਕਈ ਸਾਲਾਂ ਤੋਂ ਸੇਵਾ ਚੱਲ ਰਹੀ ਹੈ। ਪਿਛਲੇ ਸਾਲ ਸੰਸਥਾ ਵੱਲੋਂ ਆਪਣਾ 28ਵਾਂ ਟਰੈਕਟ 'ਕਹਿ ਰਵਿਦਾਸ ਸੁਨਹੁ ਰੇ ਸੰਤਹੁ' ਪ੍ਰਕਾਸ਼ਿਤ ਕੀਤਾ। ਟਾਈਟਲ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਜੀ, ਸਤਿਗੁਰੂ ਤ੍ਰਿਲੋਚਨ ਜੀ, ਸਤਿਗੁਰੂ ਸਧਨਾ ਜੀ ਅਤੇ ਸਤਿਗੁਰੂ ਸੈਨ ਜੀ ਦੀਆਂ ਸੁੰਦਰ ਰੰਗਦਾਰ ਤਸਵੀਰਾਂ ਨਾਲ ਸ਼ਿੰਗਾਰਿਆ ਸੀ।

ਇਸ ਟ੍ਰੈਕਟ ਬਾਰੇ ਸੰਗਤਾਂ ਵੱਲੋਂ ਬਹੁਤ ਸਾਰੀਆਂ ਪ੍ਰਸੰਸਾ ਵਾਲੀਆਂ ਚਿੱਠੀਆਂ ਮਿਲੀਆਂ। ਕਈ ਫ਼ੋਨ ਤੇ ਸੁਨੇਹੇ ਮਿਲੇ। ਸੰਗਤਾਂ ਨੇ ਇਸ ਟ੍ਰੈਕਟ ਨੂੰ ਬਹੁਤ ਪਸੰਦ ਕੀਤਾ। ਇਸ ਵਿਚਲੀ ਪ੍ਰਕਾਸ਼ਿਤ ਸਮੱਗਰੀ ਨੂੰ ਪਸੰਦ ਕੀਤਾ ਪਰ ਕਈ ਅਜਿਹੀਆਂ ਚਿੱਠੀਆਂ ਤੇ ਸੁਨੇਹੇ ਮਿਲੇ ਜਿਨ੍ਹਾਂ ਵਿਚ ਕੁਝ ਇਤਰਾਜ਼ ਲਿਖੇ ਸਨ। ਇਤਰਾਜ਼ ਟਾਈਟਲ ਦੀਆਂ ਤਸਵੀਰਾਂ ਦੀਆਂ ਕੈਪਸ਼ਨਾਂ ਬਾਰੇ ਸਨ ਕਿ ਭਗਤਾਂ ਨੂੰ ਸਤਿਗੁਰੂ ਕਿਉਂ ਲਿਖਿਆ ਗਿਆ ਹੈ।

ਜਿਨ੍ਹਾਂ ਪਾਠਕਾਂ ਦੇ ਇਤਰਾਜ਼ ਆਏ ਉਨ੍ਹਾਂ ਨੇ ਇਸ ਟ੍ਰੈਕਟ ਨੂੰ ਪੜ੍ਹਿਆ ਨਹੀਂ ਸਿਰਫ਼ ਟਾਈਟਲ ਦੇਖ ਕੇ ਹੀ ਦੱਬੀ ਆਵਾਜ਼ ਵਿਚ ਇਤਰਾਜ਼ ਕੀਤਾ। ਸੋਚਣ ਵਾਲੀ ਗੱਲ ਹੈ ਕਿ ਅਸੀਂ ਕਿੰਨੇ ਕੁ ਵਿਸ਼ਾਲ ਹਿਰਦੇ ਦੇ ਮਾਲਕ ਹਾਂ, ਕੀ ਅਸੀਂ ਗੁਰਬਾਣੀ ਪੜ੍ਹ ਕੇ, ਉਸ ਦੇ ਅਰਥ ਸਮਝ ਕੇ, ਉਸ 'ਤੇ ਚੱਲਣ ਦੀ ਕੋਸ਼ਿਸ਼ ਕਰਦੇ ਹਾਂ। ਕੀ ਅਸੀਂ ਹਰ ਪਾਸੇ ਉਸ ਪ੍ਰਮਾਤਮਾ ਦੀ ਰਹਿਮਤ ਬਰਸਦੀ ਮਹਿਸੂਸ ਕਰਦੇ ਹਾਂ। ਸੂਰਜ ਇਕ ਪਰ ਰੁੱਤਾਂ ਕਈ ਹਨ, ਇਸੇ ਤਰ੍ਹਾਂ ਪ੍ਰਮਾਤਮਾ ਇਕ ਅਤੇ ਉਸ ਨੂੰ ਮੰਨਣ ਵਾਲਾ ਸਾਰਾ ਸੰਸਾਰ ਹੈ। ਸਾਰੇ ਧਰਮ ਸਤਿਕਾਰਤ ਹਨ। ਸਾਨੂੰ ਜਿਥੋਂ ਵੀ ਕੋਈ ਚੰਗੀ ਗੱਲ ਮਿਲੇ, ਗ੍ਰਹਿਣ ਕਰਨੀ ਚਾਹੀਦੀ ਹੈ। **'ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ'** ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਰ ਸ਼ਬਦ ਸਾਡੇ ਲਈ ਗੁਰੂ ਹੈ। ਇਨ੍ਹਾਂ ਸ਼ਬਦਾਂ ਨੂੰ ਉਚਾਰਨ ਵਾਲੇ ਸਾਡੇ ਸਾਰੇ ਰਹਿਬਰ ਸਾਡੇ ਸਤਿਗੁਰੂ ਹਨ।

**ਅਸੀਂ ਇਸ ਮੁਫ਼ਤ ਸਾਹਿਤ ਨੂੰ ਹੋਰ ਜ਼ਿਆਦਾ ਗਿਣਤੀ ਵਿਚ ਛਪਵਾ ਕੇ ਸੰਗਤਾਂ ਤੱਕ ਪਹੁੰਚਾਉਣਾ ਚਾਹੁੰਦੇ ਹਾਂ। ਇਸ ਕਰਕੇ ਤੁਹਾਡੇ ਵੱਲੋਂ ਮਾਇਕ ਸਹਾਇਤਾ ਦੀ ਲੋੜ ਹੈ। ਕ੍ਰਿਪਾ ਕਰਕੇ ਆਪਣੀ ਕਿਰਤ ਵਿਚੋਂ ਕੁਝ ਭੇਟਾ ਸੰਸਥਾ ਨੂੰ ਵੀ ਦਿਉ ਜੀ। ਤੁਸੀਂ ਭੇਟਾ ਚੈੱਕ, ਮਨੀਆਰਡਰ, ਬੈਂਕ ਡਰਾਫ਼ਟ ਜਾਂ ਮੋਬਾਇਲ ਫ਼ੋਨ ਪੈਸਾ ਟ੍ਰਾਂਸਫਰ ਜ਼ਰੀਏ ਸੰਸਥਾ ਦੇ ਅਕਾਊਂਟ ਵਿਚ ਭੇਜ ਸਕਦੇ ਹੋ।**

**SRI GURU RAVIDASS MISSION PARCHAR SANSTHA PUNJAB (Regd.)**

**V.P.O. BINPALKE, VIA. BHOGPUR, DISTT. JAL.**
**ACCOUNT NO. 32717505525**
**STATE BANK OF INDIA (BHOGPUR)**
**IFS Code No. SBIN0010122**

# ਲੈਵੀ ਅਤੇ ਉਸ ਦੀ ਚਾਚੀ ਦਾ ਸੰਵਾਦ-3



ਬਖਸ਼ੀ ਰਾਮ ਦਰਾਵਾਂ
88726-92300

**ਲੈਵੀ - ਚਾਚੀ ਜੀ ਜੈ ਗੁਰੂਦੇਵ ! ਮੈਨੂੰ ਪਤਾ ਲੱਗਾ ਤੁਸੀਂ ਕਾਂਸ਼ੀ ਦੇ ਦਰਸ਼ਨ ਕਰਕੇ ਆਏ ਹੋ।**

ਚਾਚੀ - ਧੰਨ ਗੁਰੂਦੇਵ ਲੈਵੀ ! ਹਾਂ ਅਸੀਂ ਬੱਸ ਕੱਲ ਹੀ ਕਾਂਸ਼ੀ ਤੋਂ ਸਤਿਗੁਰੂ ਜੀ ਦੇ ਬੇਗਮਪੁਰਾ ਸਾਹਿਬ ਦੇ ਦਰਸ਼ਨ ਕਰਕੇ ਆਏ ਹਾਂ।

**ਲੈਵੀ - ਚਾਚੀ ਜੀ ਤੁਸੀਂ ਚੰਗੇ ਭਾਗਾਂ ਵਾਲੇ ਹੋ ਜਿਹੜੇ ਸਤਿਗੁਰੂ ਜੀ ਦੇ ਜਨਮ ਅਸਥਾਨ ਨੂੰ ਨਤਮਸਤਕ ਹੋ ਕੇ ਆਏ ਹੋ। ਮੈਂ ਸੋਚਿਆ ਕਿ ਮੈਂ ਤਾਂ ਕਦੇ ਦਰਸ਼ਨ ਕੀਤੇ ਨਹੀਂ, ਚਾਚੀ ਜੀ ਦਰਸ਼ਨ ਕਰਕੇ ਆਏ ਹਨ ਉਨ੍ਹਾਂ ਨੂੰ ਮਿਲ ਕੇ ਹੀ ਗੁਰੂ ਜੀ ਦੀ ਨਗਰੀ ਦੇ ਦਰਸ਼ਨ ਕਰ ਲੈਂਦੀ ਹਾਂ।**

ਚਾਚੀ - ਹਾਂ ਲੈਵੀ ! ਸ਼ਰਧਾ, ਭਾਵਨਾ ਦੀ ਗੱਲ ਹੈ। ਕੱਲ ਜਦ ਅਸੀਂ ਕਾਂਸ਼ੀ ਤੋਂ ਪਿੰਡ ਪਹੁੰਚੇ ਤਾਂ ਤਾਇਆ ਬਿਸ਼ਨਾ ਰਸਤੇ ਵਿਚ ਮਿਲ ਪਿਆ ਤੇ ਕਹਿਣ ਲੱਗਾ ਕਿ ਬੈਗ ਚੁੱਕੇ ਹਨ ਕਿਥੋਂ ਆ ਰਹੇ ਹੋ ਤਾਂ ਤੇਰੇ ਚਾਚੇ ਨੇ ਕਿਹਾ ਕਿ ਗੁਰੂ ਰਵਿਦਾਸ ਜਨਮ ਅਸਥਾਨ ਵਾਰਾਣਸੀ ਤੋਂ ਆਏ ਹਾਂ, ਤੇ ਜਦ ਮੈਂ ਅੱਗੇ ਹੋ ਕੇ ਤਾਇਆ ਜੀ ਦੇ ਪੈਰ ਛੂਹਣ ਲੱਗੀ ਤਾਂ ਉਹਨਾਂ ਨੇ ਮਨ੍ਹਾਂ ਕਰ ਦਿੱਤਾ ਤੇ ਕਿਹਾ ਕਿ ਤੁਸੀਂ ਐਡੇ ਮਹਾਨ ਰਹਿਬਰ ਦੇ ਪਾਵਨ ਅਸਥਾਨਾਂ ਦੇ ਦਰਸ਼ਨ ਕਰਕੇ ਆਏ ਹੋ ਤੁਹਾਨੂੰ ਤਾਂ ਮੈਂ ਕੋਟਿਨ ਕੋਟਿ ਨਮਸ਼ਕਾਰ ਕਰਦਾ ਹਾਂ। ਐਨਾ ਮਾਨ-ਸਨਮਾਨ ਦਿੱਤਾ ਤਾਇਆ ਜੀ ਨੇ ਗੁਰੂ ਕੀ ਨਗਰੀ ਨੂੰ।

**ਲੈਵੀ - ਚਾਚੀ ਜੀ ਗੁਰੂ ਰਵਿਦਾਸ ਜੀ ਦੇ ਜਨਮ ਅਸਥਾਨ ਵਾਲੇ ਸ਼ਹਿਰ ਨੂੰ ਵਾਰਾਣਸੀ ਕਿਹਾ ਜਾਂਦਾ ਹੈ ਪਰ ਬਨਾਰਸ ਅਤੇ ਸੀਰਗੋਵਰਧਨਪੁਰ ਤੋਂ ਕੀ ਭਾਵ ਹੈ?**

ਚਾਚੀ - ਲੈਵੀ ! ਸੀਰਗੋਵਰਧਨਪੁਰ ਵਾਰਾਣਸੀ ਹਿੰਦੂ ਯੂਨੀਵਰਸਿਟੀ ਦੇ ਪਿਛੇ ਇਕ ਪਿੰਡ ਹੈ ਜਿਥੇ ਗੁਰੂ ਰਵਿਦਾਸ ਜੀ ਦਾ 7 ਮੰਜ਼ਿਲਾ ਜਨਮ ਅਸਥਾਨ ਮੰਦਰ ਸੁਸ਼ੋਭਿਤ ਹੈ ਅਤੇ ਬਨਾਰਸ ਵੀ ਵਾਰਾਣਸੀ ਨੂੰ ਹੀ ਕਿਹਾ ਜਾਂਦਾ ਸੀ, ਕਿਉਂ ਬਨਾਰਸ ਦਾ ਪੁਰਾਣਾ ਨਾਂਅ ਵਾਰਾਣਸੀ ਭਾਵ ਵਰਣਾ ਅਤੇ ਅਸਿ ਨਦੀਆਂ ਉੱਪਰ ਆਬਾਦ ਸ਼ਹਿਰ ਸੀ। ਹੌਲੀ-ਹੌਲੀ ਇਸ ਦਾ ਨਾਂਅ ਬਨਾਰਸ ਪੈ ਗਿਆ ਅਤੇ ਹੁਣ ਫਿਰ ਭਾਰਤ ਸਰਕਾਰ ਨੇ 1971 ਈ. ਵਿਚ ਇਸ ਦਾ ਨਾਂਅ ਬਨਾਰਸ ਤੋਂ ਬਦਲ ਕੇ ਵਾਰਾਣਸੀ ਰੱਖਿਆ। ਕਿਉਂਕਿ ਇਹ ਧਾਰਮਿਕ ਲੋਕਾਂ ਦਾ ਗੜ੍ਹ ਰਿਹਾ ਹੈ ਇਸ ਕਰਕੇ ਇਸ ਨੂੰ ਕਾਸ਼ੀ KASHI ਕਿਹਾ ਗਿਆ ਪ੍ਰੰਤੂ ਪੰਜਾਬ ਦੇ ਲੋਕ ਇਸ ਨੂੰ ਕਾਂਸ਼ੀ KANSHI ਕਹਿੰਦੇ ਹਨ।

**ਲੈਵੀ - ਚਾਚੀ ! ਸੀਰਗੋਵਰਧਨਪੁਰ ਵਿਖੇ ਕਿੰਨੀਆਂ ਕੁ ਸੰਗਤਾਂ ਦਰਸ਼ਨ ਲਈ ਆਉਂਦੀਆਂ ਹਨ ਅਤੇ ਉਥੋਂ ਦਾ ਪ੍ਰਬੰਧ ਕੌਣ ਚਲਾਉਂਦਾ ਹੈ?**

ਚਾਚੀ - ਸੀਰਗੋਵਰਧਨਪੁਰ ਵਿਖੇ ਭਾਰਤ ਦੇ ਵੱਖ-ਵੱਖ ਸੂਬਿਆਂ ਅਤੇ ਵਿਦੇਸ਼ਾਂ ਤੋਂ ਸੰਗਤਾਂ ਦਰਸ਼ਨ ਲਈ ਰੋਜ਼ਾਨਾ ਹੀ ਆਉਂਦੀਆਂ ਰਹਿੰਦੀਆਂ ਹਨ। ਤੁਸੀਂ ਦਿਨ ਤਾਂ ਕੀ ਰਾਤ ਵੇਲੇ ਵੀ ਕਿਸੇ ਵੀ ਸਮੇਂ ਮੰਦਰ ਵਿਚ ਜਾਓਗੇ ਤਾਂ ਤੁਹਾਨੂੰ ਲੰਗਰ ਪਾਣੀ, ਰਿਹਾਇਸ਼ ਲਈ ਜਗ੍ਹਾ ਆਦਿ ਸਭ ਕੁਝ ਮਿਲੇਗਾ।

10 ਫਰਵਰੀ ਪ੍ਰਕਾਸ਼ ਦਿਹਾੜੇ 'ਤੇ ਲੱਖਾਂ ਸੰਗਤਾਂ ਦੇਸ਼ ਵਿਦੇਸ਼ ਤੋਂ ਪਹੁੰਚ ਰਹੀਆਂ ਹਨ ਜਿਨ੍ਹਾਂ ਦਾ ਲੰਗਰ ਪਾਣੀ ਅਤੇ ਰਿਹਾਇਸ਼ ਆਦਿ ਦਾ ਬਹੁਤ ਵਧੀਆ ਪ੍ਰਬੰਧ ਹੋਵੇਗਾ। ਇਸ ਸਾਰੇ ਦਾ ਸਾਰਾ ਪ੍ਰਬੰਧ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਰਜਿ. ਕਰ ਰਿਹਾ ਹੈ ਜਿਸ ਦੇ ਚੇਅਰਮੈਨ ਸ੍ਰੀ 108 ਸੰਤ ਨਿਰੰਜਣ ਦਾਸ ਜੀ ਗੱਦੀਨਸ਼ੀਨ ਡੇਰਾ ਸੱਚਖੰਡ ਬੱਲਾਂ ਜ਼ਿਲ੍ਹਾ ਜਲੰਧਰ ਹਨ।

**ਲੈਵੀ - ਕੀ ਚਾਚੀ ਵਾਰਾਣਸੀ ਵਿਚ ਵੀ ਪੰਜਾਬ ਵਾਂਗ ਕੁਝ ਅਖੌਤੀ ਉੱਚ ਜਾਤੀ ਦੇ ਲੋਕ ਗੁਰੂ ਰਵਿਦਾਸ ਜੀ ਨੂੰ ਭਗਤ ਰਵਿਦਾਸ ਕਹਿ ਕੇ ਬੁਲਾਉਂਦੇ ਹਨ?**

**ਚਾਚੀ** - ਬੱਚੀਏ ਜਾਤੀ ਭੇਦਭਾਵ ਤਾਂ ਸਾਰੇ ਪਾਸੇ ਹੈ, ਪਰ ਜਿਥੋਂ ਤੱਕ ਗੁਰੂ ਰਵਿਦਾਸ ਜੀ ਨੂੰ ਸੰਬੋਧਨ ਦੀ ਗੱਲ ਹੈ ਉਥੋਂ ਦੇ ਲੋਕ ਗੁਰੂ ਰਵਿਦਾਸ ਜੀ ਨੂੰ ਸੰਤ ਗੁਰੂ ਰਵਿਦਾਸ ਜਾਂ ਸੰਤ ਰਵਿਦਾਸ ਕਹਿ ਕੇ ਬੁਲਾਉਣਾ ਉਚਿਤ ਸਮਝਦੇ ਹਨ। ਕਿਉਂਕਿ ਉਹ ਗੁਰੂ ਸ਼ਬਦ ਅਕਸਰ ਉਸਤਾਦ ਜਾਂ ਟੀਚਰ ਲਈ ਵੀ ਵਰਤਦੇ ਹਨ।

**ਲੈਵੀ - ਚਾਚੀ ਜੀ ! ਇਕ ਵਾਰ ਇਕ ਗ੍ਰੰਥੀ ਸਾਹਿਬ ਕਹਿ ਰਹੇ ਸਨ ਕਿ ਭਗਤ ਸ਼ਬਦ ਕਿਹੜਾ ਮਾੜਾ ਸ਼ਬਦ ਹੈ?**

**ਚਾਚੀ** - ਹਾਂ ਲੈਵੀ ! ਭਗਤ ਸ਼ਬਦ ਕੋਈ ਮਾੜਾ ਸ਼ਬਦ ਨਹੀਂ ਹੈ। ਪ੍ਰੰਤੂ ਕੀ ਸਾਂਝੀਵਾਲਤਾ ਦੇ ਪ੍ਰਤੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਬਾਣੀਕਾਰ ਰਹਿਬਰਾਂ ਵਿਚ ਕਿਸੇ ਨੂੰ ਗੁਰੂ ਤੇ ਕਿਸੇ ਨੂੰ ਭਗਤ ਤੇ ਕਿਸੇ ਨੂੰ ਭੱਟ ਕਹਿ ਕੇ ਅਸੀਂ ਵੰਡੀਆਂ ਨਹੀਂ ਪਾ ਰਹੇ ਜਦਕਿ ਗੁਰੂ ਗ੍ਰੰਥ ਸਾਹਿਬ ਦਾ ਫੁਰਮਾਨ ਹੈ ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ। ਗੁਰੁ ਬਾਣੀ ਕਹੇ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥ ਅਤੇ ਇਸ ਹੁਕਮ ਨੂੰ ਅਸੀਂ ਰੋਜ਼ਾਨਾ ਅਰਦਾਸ ਵਿਚ ਪੜ੍ਹਦੇ ਹਾਂ, **"ਆਗਿਆ ਭਈ ਅਕਾਲ ਕੀ ਤਬੈ ਚਲਾਇਓ ਪੰਥ ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।"**

**ਲੈਵੀ - ਚਾਚੀ ਜੀ ! ਤੁਸੀਂ ਉਥੇ ਗੁਰੂ ਰਵਿਦਾਸ ਜੀ ਨਾਲ ਸਬੰਧਤ ਹੋਰ ਕੀ-ਕੀ ਦੇਖਿਆ?**

**ਚਾਚੀ** - ਸੀਰਗੋਵਰਧਨਪੁਰ ਮੰਦਰ ਵਿਖੇ ਹੇਠਾਂ ਭੋਰਾ ਸਾਹਿਬ ਹੈ ਜਿਥੇ ਸ੍ਰੀ ਗੁਰੂ ਰਵਿਦਾਸ ਜੀ ਨਾਲ ਸਬੰਧਿਤ ਵਸਤਾਂ ਰੱਖੀਆਂ ਹੋਈਆਂ ਹਨ। ਮੰਦਰ ਵਿਚ ਗੁਰੂ ਰਵਿਦਾਸ ਜੀ ਦੀ ਮੂਰਤੀ ਤੇ ਸੋਨੇ ਦਾ ਮੁਕਟ ਸੁਸ਼ੋਭਿਤ ਹੈ। ਦੂਸਰੀ ਮੰਜ਼ਿਲ 'ਤੇ ਸੋਨੇ ਦੀ ਪਾਲਕੀ ਵਿਚ ਗੁਰੂ ਰਵਿਦਾਸ ਜੀ ਦੀ ਮੂਰਤੀ ਬਿਰਾਜਮਾਨ ਹੈ। ਮੰਦਰ ਦਾ ਸਾਰਾ ਗੁਮਟ ਸੋਨੇ ਨਾਲ ਮੜ੍ਹਿਆ ਹੋਇਆ ਹੈ। ਗੰਗਾ ਉੱਪਰ ਬਣੇ ਗੁਰੂ ਰਵਿਦਾਸ ਘਾਟ 'ਤੇ ਇਕ ਮੰਦਰ ਬਾਬੂ ਜਗਜੀਵਨ ਰਾਮ ਨੇ ਉਸਾਰਿਆ ਹੋਇਆ ਹੈ। ਸੀਰਗੋਵਰਧਨਪੁਰ ਤੋਂ 1 ਮੀਲ ਦੂਰ ਇਕ ਲੋਹਟਾਵੀਰ ਅਸਥਾਨ ਹੈ ਜਿਥੇ ਗੁਰੂ ਰਵਿਦਾਸ ਜੀ ਅਤੇ ਬ੍ਰਾਹਮਣਾਂ ਦਾ ਯੁੱਧ ਹੋਇਆ ਸੀ ਉਥੇ ਅੱਜਕਲ੍ਹ ਸ਼ਿਵਜੀ, ਹਨੂੰਮਾਨ ਦਾ ਮੰਦਰ ਬਣਿਆ ਹੋਇਆ ਹੈ। ਵਾਰਾਣਸੀ ਵਿਖੇ ਭੈਣ ਮਾਇਆਵਤੀ ਵੱਲੋਂ ਇਕ ਗੁਰੂ ਰਵਿਦਾਸ ਪਾਰਕ ਦਾ ਨਿਰਮਾਣ ਵੀ ਕਰਵਾਇਆ ਗਿਆ ਹੈ। ਲੰਕਾ ਚੌਰਾਹੇ ਵਿਖੇ ਗੁਰੂ ਜੀ ਦੀ ਯਾਦ ਵਿਚ ਬਹੁਤ ਸੁੰਦਰ ਗੇਟ ਬਣਿਆ ਹੋਇਆ ਹੈ। ਅਸੀਂ ਸ੍ਰੀ ਗੁਰੂ ਕਬੀਰ ਜੀ ਦੇ ਜਨਮ ਸਥੱਲ ਲਹਿਰਤਾਰਾ ਅਤੇ ਸਤਿਗੁਰੂ ਕਬੀਰ ਮੱਠ ਦੇ ਵੀ ਦਰਸ਼ਨ ਕੀਤੇ। ਇਨ੍ਹਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਅਸਥਾਨ ਦੇਖਣਯੋਗ ਹਨ। ਸੀਰਗੋਵਰਧਨਪੁਰ ਦੇ ਦਰਸ਼ਨ ਕਰਕੇ ਮਨ ਨੂੰ ਬੜੀ ਸ਼ਾਂਤੀ ਅਤੇ ਅਨੰਦ ਆਉਂਦਾ ਹੈ। ਮੇਰਾ ਤਾਂ ਉਥੋਂ ਆਉਣ ਨੂੰ ਚਿੱਤ ਹੀ ਨਹੀਂ ਸੀ ਕਰਦਾ।

ਲੇਵੀ - ਵਾਹ ਚਾਚੀ ਜੀ ! ਬਹੁਤ-ਬਹੁਤ ਧੰਨਵਾਦ। ਤੁਸੀਂ ਤਾਂ ਮੈਨੂੰ ਇਥੇ ਬੈਠੀ ਨੂੰ ਹੀ ਗੁਰੂ ਸਾਹਿਬ ਦੇ ਜਨਮ ਅਸਥਾਨ ਦੇ ਦਰਸ਼ਨ ਕਰਾ ਦਿੱਤੇ। ਮੈਂ ਤਾਂ ਇਸ ਜਨਮ ਦਿਹਾੜੇ 'ਤੇ ਗੁਰੂ ਜੀ ਪਾਸ ਇਹੀ ਅਰਦਾਸ ਕਰਾਂਗੀ ਕਿ ਹੇ ਮਾਲਕਾ ਕ੍ਰਿਪਾ ਕਰੀਂ ਅਗਲੇ ਸਾਲ ਮੈਨੂੰ ਵੀ ਆਪਣੇ ਪਵਿੱਤਰ ਅਸਥਾਨ ਦੀ ਧੂੜੀ ਨੂੰ ਮਸਤਕ ਨਾਲ ਲਗਾਉਣ ਦਾ ਸੁਭਾਗ ਪ੍ਰਦਾਨ ਕਰੀਂ। ਚੰਗਾ ਚਾਚੀ ਜੀ ਜੈ ਗੁਰੂਦੇਵ !

ਚਾਚੀ - ਧੰਨ ਗੁਰੂਦੇਵ ਲੇਵੀ।

## ਸਤਿਗੁਰੂ ਰਵਿਦਾਸ ਜੀ ਦੀ ਇਤਿਹਾਸਕ ਜੀਵਨੀ

ਅੱਜ ਤੱਕ ਸ੍ਰੀ ਗੁਰੂ ਰਵਿਦਾਸ ਜੀ ਦੇ ਸਮੁੱਚੇ ਜੀਵਨ ਇਤਿਹਾਸ ਨੂੰ ਦਰਸਾਉਂਦੀ ਕੋਈ ਵੀ ਪੁਸਤਕ ਨਹੀਂ ਛਪੀ। ਪ੍ਰੋ. ਲਾਲ ਸਿੰਘ ਜੀ ਐਡਵੋਕੇਟ ਨੇ ਇਕ ਵਿਲੱਖਣ ਅਤੇ ਖੋਜ ਭਰਪੂਰ ਪੁਸਤਕ 'ਸਤਿਗੁਰੂ ਰਵਿਦਾਸ ਜੀ ਦੀ ਇਤਿਹਾਸਕ ਜੀਵਨੀ' ਪ੍ਰਕਾਸ਼ਿਤ ਕੀਤੀ ਹੈ। ਇਹ ਪੁਸਤਕ 33 ਸਿਰਲੇਖਾਂ ਤਹਿਤ 424 ਪੰਨਿਆਂ ਦੀ ਅਤਿਅੰਤ ਸੁੰਦਰ, ਵਧੀਆ ਪੇਪਰ ਅਤੇ ਜਿਲਦ ਵਾਲੀ ਹੈ। ਸਤਿਗੁਰੂ ਰਵਿਦਾਸ ਜੀ ਦੇ ਮਿਸ਼ਨ ਪ੍ਰਚਾਰ ਹਿੱਤ ਸੰਸਥਾ ਪਾਸੋਂ ਇਹ ਪੁਸਤਕ ਲਗਭਗ ਅੱਧੀ ਕੀਮਤ ਤੇ ਮਿਲ ਸਕਦੀ ਹੈ। ਪਾਠਕਾਂ ਨੂੰ ਬੇਨਤੀ ਹੈ ਕਿ ਇਹ ਪੁਸਤਕ ਲੈ ਕੇ ਆਪ ਪੜ੍ਹੋ ਅਤੇ ਹੋਰਨਾਂ ਨੂੰ ਪੜ੍ਹਾਓ। ਇਤਿਹਾਸਕਾਰਾਂ, ਲੇਖਕਾਂ, ਬੁਲਾਰਿਆਂ, ਕਥਾਵਾਚਕਾਂ, ਰਾਗੀ ਜਥਿਆਂ ਅਤੇ ਗੁਰੂ ਘਰ ਦੇ ਪ੍ਰਬੰਧਕਾਂ ਲਈ ਇਹ ਪੁਸਤਕ ਬਹੁਤ ਜ਼ਰੂਰੀ ਅਤੇ ਲਾਭਦਾਇਕ ਹੈ। ਸਾਡੀ ਸੰਸਥਾ ਨਾਲ ਸੰਪਰਕ ਕਰਕੇ ਤੁਸੀਂ ਇਹ ਪੁਸਤਕ ਕੋਰੀਅਰ ਜਾਂ ਵੀ.ਪੀ.ਪੀ. ਦੁਆਰਾ ਵੀ ਮੰਗਵਾ ਸਕਦੇ ਹੋ।

ਹਰਜਿੰਦਰ ਪਾਲ ਵੱਸਣ
ਪਿੰਡ ਗੇਹਲੜਾਂ, ਜ਼ਿਲ੍ਹਾ ਜਲੰਧਰ, 98725-88620

## ਪੰਜਾਬੀ ਕੈਲੰਡਰ 2017

ਇਸ ਪੰਜਾਬੀ ਕੈਲੰਡਰ ਵਿਚ ਸਤਿਗੁਰੂ ਰਵਿਦਾਸ ਜੀ ਅਤੇ ਉਨ੍ਹਾਂ ਦੇ ਜਨਮ ਅਸਥਾਨ ਮੰਦਿਰ ਸੀਰਗੋਵਰਧਨਪੁਰ ਦੀ ਸੁੰਦਰ ਤਸਵੀਰ, ਸਾਲ 2017 ਦੀਆਂ ਸੰਗਰਾਂਦ, ਦੇਸੀ ਮਹੀਨਾ, ਪੁੰਨਿਆਂ, ਮੱਸਿਆ, ਪੰਜਾਬ ਸਰਕਾਰ ਦੀਆਂ ਜਾਰੀ ਕੀਤੀਆਂ ਛੁੱਟੀਆਂ ਦਾ ਵੇਰਵਾ ਅਤੇ ਹੋਰ ਰਹਿਬਰਾਂ ਦੇ ਪ੍ਰਮੁੱਖ ਦਿਹਾੜੇ ਪ੍ਰਕਾਸ਼ਿਤ ਕੀਤੇ ਗਏ ਹਨ। ਕੈਲੰਡਰ ਦੇ ਹੇਠਾਂ ਖਾਲੀ ਛੱਡੀ ਪੱਟੀ ਵਿਚ ਸਪਾਂਸਰ ਦਾ ਨਾਂਅ ਵੀ ਛਪ ਸਕਦਾ ਹੈ। ਇਹ ਕੈਲੰਡਰ 5 ਰੁਪਏ ਦਾ ਹੈ। ਇਹ ਸਟਿਕਰ ਵਾਂਗ ਚਿਪਕਾਇਆ ਜਾ ਸਕਦਾ ਹੈ। ਹਰੇਕ ਸਾਲ ਨਵਾਂ ਕੈਲੰਡਰ ਪ੍ਰਾਪਤ ਕੀਤਾ ਜਾ ਸਕਦਾ ਹੈ।



ਹੇ ਪ੍ਰਭ !
ਤੇਰੀ ਵੀ ਕੀ ਲੀਲਾ ਹੈ।
ਬਚਪਨ ਵਿਚ ਲੜਦੇ ਹਨ
ਮਾਂ ਮੇਰੀ ਹੈ, ਮਾਂ ਮੇਰੀ ਹੈ
ਅਤੇ ਹੁਣ
ਵੱਡਿਆਂ ਨੂੰ ਲੜਦੇ ਦੇਖਿਆ ਹੈ
ਮਾਂ ਤੇਰੀ ਹੈ, ਮਾਂ ...

... ਸਿੰਘ ਚੁਖਿਆਰਾ
...ਖਿਆਰਾ (ਜਲੰਧਰ)

# ਸ੍ਰੀ ਗੁਰੂ ਰਵਿਦਾਸ ਜੀ ਦੇ ਮਿਸ਼ਨ ਦਾ ਰੰਗ

ਹਰ ਕੌਮ, ਹਰ ਧਰਮ ਨੇ ਆਪੋ-ਆਪਣਾ ਰੰਗ ਮੁਕੱਰਰ ਕੀਤਾ ਹੋਇਆ ਹੈ। ਇਸ ਨਾਲ ਉਸ ਕੌਮ ਵਿਚ ਏਕੇ ਦੀ ਭਾਵਨਾ ਪ੍ਰਫੁੱਲਤ ਰਹਿੰਦੀ ਹੈ। ਉਸ ਦੀ ਆਪਣੀ ਵੱਖਰੀ ਪਹਿਚਾਣ ਹੁੰਦੀ ਹੈ। ਉਸ ਦੀ ਸ਼ਾਨ ਵਿਚ ਵਾਧਾ ਹੁੰਦਾ ਹੈ। ਸੰਘਰਸ਼ ਦੌਰਾਨ ਕੌਮੀ ਝੰਡੇ ਦਾ ਰੰਗ ਕੌਮ ਨੂੰ ਤਾਕਤਵਰ ਅਤੇ ਜੂਝਾਰੂ ਬਣਾਉਂਦਾ ਹੈ ਅਤੇ ਉਸ ਵਿਚ ਜਿੱਤਣ ਦੀ ਭਾਵਨਾ ਪੈਦਾ ਕਰਦਾ ਹੈ। ਉਸ ਦੇ ਲੋਕ ਆਪਣੇ ਝੰਡੇ ਅਤੇ ਉਸ ਦੇ ਰੰਗ 'ਤੇ ਗੌਰਵ ਮਹਿਸੂਸ ਕਰਦੇ ਹਨ, ਉਹ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਚਲੇ ਜਾਣ ਜਿਥੇ ਵੀ ਉਨ੍ਹਾਂ ਨੂੰ ਆਪਣੀ ਕੌਮ ਦਾ ਝੰਡਾ ਦਿਖਾਈ ਦਿੰਦਾ ਹੈ ਤਾਂ ਉਸ ਦੇ ਮਨ ਵਿਚ ਅਪਣੱਤ ਮਹਿਸੂਸ ਹੁੰਦੀ ਹੈ। ਆਪਣੇ ਘਰ ਤੋਂ ਦੂਰ ਹੋ ਕੇ ਵੀ ਉਸ ਨੂੰ ਇਕੱਲਾਪਨ ਮਹਿਸੂਸ ਨਹੀਂ ਹੁੰਦਾ ਕਿਉਂਕਿ ਉਸ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਦੇ ਸਮਾਜ ਦੇ ਲੋਕ ਇਥੇ ਵਸਦੇ ਹਨ ਲੋੜ ਪੈਣ 'ਤੇ ਉਹ ਉਨ੍ਹਾਂ ਦੀ ਮਦਦ ਲੈ ਸਕਦਾ ਹੈ।

ਪ੍ਰੰਤੂ ਇਕ ਗੱਲ ਸਮਝ ਨਹੀਂ ਆਉਂਦੀ ਕਿ ਆਦਿ ਸਮਾਜ ਦੇ ਲੋਕ ਆਪਣੀ ਕੌਮ, ਧਰਮ ਦੇ ਰੰਗ ਪ੍ਰਤੀ ਇਨੇ ਅਵੇਸਲੇ ਕਿਉਂ ਹਨ, ਇਨ੍ਹਾਂ ਦੇ ਧਾਰਮਿਕ ਅਸਥਾਨਾਂ ਉਤੇ ਕਈ ਤਰ੍ਹਾਂ ਦੇ ਨਿਸ਼ਾਨ ਸਾਹਿਬ ਝੂਲਦੇ ਹਨ। ਕਈ ਰੰਗਾਂ ਦੇ ਸਿਰੋਪਾਓ ਅਤੇ ਪਟਕੇ ਵਰਤੇ ਜਾਂਦੇ ਹਨ। 1925 ਈ: ਵਿਚ ਆਦਿ-ਧਰਮੀ ਗਦਰੀ ਬਾਬਾ ਮੰਗੂਰਾਮ ਮੁਗੋਵਾਲੀਆ ਦੇ ਵੇਲੇ ਤੋਂ ਮਜੀਠ ਰੰਗ ਪ੍ਰਚੱਲਿਤ ਹੋ ਗਿਆ ਸੀ। ਉਸ ਵੇਲੇ ਇਸ ਨੂੰ ਗੇਰੂ ਜਾਂ ਲਾਲ ਰੰਗ ਵੀ ਕਿਹਾ ਜਾਂਦਾ ਸੀ, ਕਹਾਵਤ ਸੀ "ਰੰਗਾ ਲੈ ਲਾਲ ਪਗੜਾ ਹੋ ਤਕੜਾ" ਸ੍ਰੀ ਗੁਰੂ ਰਵਿਦਾਸ ਜੀ ਦੇ ਪਾਵਨ ਬਚਨ ਹਨ **ਜੈਸਾ ਰੰਗੁ ਕਸੁੰਭ ਕਾ, ਤੈਸਾ ਇਹੁ ਸੰਸਾਰੁ ॥ ਮੇਰੇ ਰਮਈਏ ਰੰਗੁ ਮਜੀਠ ਕਾ ਕਹੁ ਰਵਿਦਾਸ ਚਮਾਰ ॥** ਨੂੰ ਮੁੱਖ ਰੱਖ ਕੇ ਇਹ ਰੰਗ ਮਨੋਨੀਤ ਕੀਤਾ ਹੋਇਆ ਹੈ ਕਿਉਂਕਿ ਗੁਰੂ ਜੀ ਨੇ ਇਨ੍ਹਾਂ ਪਾਵਨ ਬਚਨਾਂ ਵਿਚ ਮਜੀਠ ਦੇ ਰੰਗ ਨੂੰ ਪ੍ਰਮਾਤਮਾ ਦਾ ਰੰਗ ਪ੍ਰਵਾਨ ਕੀਤਾ ਹੈ ਭਾਵ ਕਿ ਸੰਸਾਰ ਦਾ ਰੰਗ ਕੁਸੰਭੇ ਦਾ ਰੰਗ ਵਾਂਗ ਕੱਚਾ ਰੰਗ ਹੈ। ਪ੍ਰੰਤੂ ਮੇਰੇ ਰਮਈਏ ਦਾ ਰੰਗ ਮਜੀਠ ਵਰਗਾ, ਸਦੀਵੀ ਰਹਿਣ ਵਾਲਾ ਪੱਕਾ ਰੰਗ ਹੈ। ਸਾਡੇ ਸਮਾਜ ਦੇ ਬਹੁਤ ਸਾਰੇ ਧਾਰਮਿਕ ਅਸਥਾਨਾਂ, ਡੇਰਿਆਂ ਵਿਚ ਇਹ ਰੰਗ ਪ੍ਰਚੱਲਿਤ ਹੈ। ਸੋ ਭਾਈ ਜੇਕਰ ਅਸੀਂ ਆਪਣੇ ਧਰਮ, ਕੌਮ, ਅਤੇ ਸਮਾਜ ਵਿਚ ਏਕਾ ਪੈਦਾ ਕਰਨਾ ਹੈ, ਇਸ ਦੀ ਹੋਂਦ ਨੂੰ ਬਚਾਉਣਾ ਅਤੇ ਆਪਣੇ ਖੋਹੇ ਹੋਏ ਹੱਕ ਹਾਸਲ ਕਰਨੇ ਹਨ, ਦੁਨੀਆ ਵਿਚ ਆਪਣੀ ਹੋਂਦ ਸਥਾਪਿਤ ਕਰਨੀ ਹੈ, ਆਪਣੀ ਇੱਜ਼ਤ ਅਤੇ ਮਾਨ-ਸਨਮਾਨ ਹਾਸਲ ਕਰਨਾ ਹੈ ਤਾਂ ਸਾਨੂੰ ਆਪਣੇ ਕੌਮੀ ਰੰਗ ਪ੍ਰਤੀ ਰੱਖੇ ਅਵੇਸਲੇਪਨ ਨੂੰ ਤਿਆਗਣਾ ਹੋਵਗਾ। ਮਜੀਠ ਰੰਗ ਲਾਖਾ ਜਾਂ ਡਾਰਕ ਮਹਿਰੂਨ ਹੁੰਦਾ ਹੈ।

**ਮੈਂ ਰਾਜਨੀਤੀ ਵਿਚ ਸੁੱਖ ਭੋਗਣ ਲਈ ਨਹੀਂ ਬਲਕਿ ਆਪਣੇ ਦੱਬੇ-ਕੁਚਲੇ ਲੋਕਾਂ ਨੂੰ ਉਹਨਾਂ ਦੇ ਅਧਿਕਾਰ ਦਿਵਾਉਣ ਲਈ ਆਇਆ ਹਾਂ।**

**ਡਾ. ਭੀਮ ਰਾਓ ਅੰਬੇਡਕਰ**



ਅਨੰਦ ਆਉਂਦਾ

ਵਿਸ਼ਵ ਸਾਂਝੀਵਾਲਤਾ ਦੇ ਸਿਰਜਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 640ਵੇਂ ਪ੍ਰਕਾਸ਼ ਪੁਰਬ ਦੀ ਲੱਖ-ਲੱਖ ਵਧਾਈ

# CHOPRA Electricals

## TOTAL HOUSE WIRING

**Spl. In :**


*Repair of Cooler, Madhani, Mixi, Drill Machine, Refrigerator, Motor Armature, Washing Machine, Fancy Light, Dish, T.V., & Repair/Sale of New Marble Cutter*

Adampur Road, Near Railway Fatak,
Bhogpur, Jalandhar.
M.: 98159-63269, 70871-50013




Harleen Chopra, Rabjot Chopra & Taran Chopra

## ਵਿਸ਼ਵ ਸ਼ਾਂਤੀ ਸੰਵਿਧਾਨ ਦੇ ਨਿਰਮਾਤਾ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 640ਵੇਂ ਆਗਮਨ ਪੁਰਬ ਦੀ ਲੱਖ-ਲੱਖ ਵਧਾਈ




ਸ੍ਰੀ ਜੋਗਿੰਦਰ ਪਾਲ
ਪਿੰਡ ਪਨਾਮ (ਹੁਸ਼ਿਆਰਪੁਰ)




ਸੂਬੇਦਾਰ ਮੇਜਰ ਪਿਆਰੇ ਲਾਲ
ਗ੍ਰੈਜੁਏਟ (ਚੁਖਿਆਰਾ)




ਤੋਤਾ ਮੱਲ ਆਹਨਖੇੜੀ
(ਮਲੇਰਕੋਟਲਾ)



ਸ੍ਰੀ ਦਲੀਪ ਚੰਦ
ਪਿੰਡ ਪਾਲਨੌਂ (ਫਿਲੌਰ)




ਸੋਮ ਨਾਥ ਸੀ.ਆਰ.ਪੀ.ਐਫ.
ਸਿਕੰਦਰਪੁਰ (ਅਲਾਵਲਪੁਰ)



ਮਨਜੀਤ ਸਿੰਘ ਚੁਖਿਆਰਾ
ਪਿੰਡ ਚੁਖਿਆਰਾ (ਜਲੰਧਰ)



ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਦਰਸ਼ਨ ਕਰਦੇ ਹੋਏ ਮੇਵਾੜ ਰਿਆਸਤ ਦੇ ਰਾਜੇ ਅਤੇ ਰਾਣੀਆਂ



ਬ੍ਰਾਹਮਣਾਂ ਦੀ ਸ਼ਿਕਾਇਤ 'ਤੇ ਬਾਦਸ਼ਾਹ ਸਿਕੰਦਰ ਲੋਧੀ ਦੇ ਸਿਪਾਹੀਆਂ ਨੇ ਗੁਰੂ ਰਵਿਦਾਸ ਜੀ ਨੂੰ ਜੇਲ੍ਹ ਵਿਚ ਬੰਦ ਕਰ ਦਿੱਤਾ। ਜਦ ਰਾਜੇ ਦੇ ਦਰਬਾਰ ਵਿਚ ਪੇਸ਼ ਕੀਤਾ ਤਾਂ ਸਿਕੰਦਰ ਲੋਧੀ ਗੁਰੂ ਜੀ ਦੀ ਸ਼ਖ਼ਸੀਅਤ ਅਤੇ ਵਿਚਾਰਧਾਰਾ ਤੋਂ ਏਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਗੁਰੂ ਜੀ ਨੂੰ ਸਤਿਕਾਰ ਸਹਿਤ ਬਰੀ ਕਰ ਦਿੱਤਾ ਅਤੇ ਗੁਰੂ ਰਵਿਦਾਸ ਜੀ ਦਾ ਮੁਰੀਦ ਹੋ ਗਿਆ।

Design : WP&S # 98153-78692